ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ **5/-**

ਅੰਕ ੧੭ ਜਿਲਦ ੩੦ ੭-੧੩ ਮਈ ੨੦੨੦, ੨੫-੩੧ ਵੈਸਾਖ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 17 Volume 30, 7-13 May 2020
Yearly Subscription India 250/-, Abroad 2500/- and Life Membership India 2500/-, Abroad 25000/-

## ਪਾਠਕਾਂ ਦੇ ਧਿਆਨ ਹਿੱਤ

ਮਹਾਂਮਾਰੀ ਕਰੋਨਾਵਾਇਰਸ (ਕੋਵਿਡ-19) ਦੇ ਭਾਰਤ 'ਚ ਪ੍ਰਸਾਰ ਨੂੰ ਰੋਕਣ ਲਈ ਜਨਹਿਤ 'ਚ 25 ਮਾਰਚ ਨੂੰ ਭਾਰਤ ਸਰਕਾਰ ਵੱਲੋਂ ਸਮੁੱਚੇ ਭਾਰਤ 'ਚ ਲਾਕਡਾਊਨ ਜਾਰੀ ਕਰ ਦਿੱਤਾ ਗਿਆ ਜਿਸ ਵਿਚ ਸਾਰੇ ਸਰਕਾਰੀ ਤੇ ਨਿਜੀ ਅਦਾਰੇ, ਕਾਰਖ਼ਾਨੇ, ਬਾਜ਼ਾਰ ਆਦਿ ਸਭ ਬੰਦ ਕਰ ਦਿੱਤੇ ਗਏ। 4 ਮਈ ਤੋਂ ਜਾਰੀ ਹੋਏ ਲਾਕਡਾਊਨ ਦੇ ਤੀਸਰੇ ਚਰਣ 'ਚ ਸਰਕਾਰ ਵੱਲੋਂ ਕੰਮ-ਧੰਦੇ ਸ਼ੁਰੂ ਕਰਨ ਲਈ ਕੁਝ ਛੂਟਾਂ ਦਾ ਐਲਾਨ ਕੀਤਾ ਗਿਆ ਜਿਹਨਾਂ ਵਿਚ ਸਰਕਾਰੀ ਤੇ ਨਿਜੀ ਅਦਾਰਿਆਂ ਨੂੰ ਵੀ ਤੀਜਾ ਹਿੱਸਾ ਮੁਲਾਜ਼ਮਾਂ ਦੇ ਨਾਲ ਕੰਮ ਕਰਨ ਦੀ ਪ੍ਰਵਾਨਗੀ ਦਿੱਤੀ ਗਈ। ਭਾਈ ਵੀਰ ਸਿੰਘ ਸਾਹਿਤ ਸਦਨ ਵਲੋਂ ਵੀ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦੇ ਮੱਦੇਨਜ਼ਰ ਤੀਜਾ ਹਿੱਸਾ ਸਟਾਫ਼ ਦੇ ਨਾਲ ਸਦਨ ਦੇ ਕੰਮ-ਕਾਜ ਦੀ ਸ਼ੁਰੂਆਤ ਕਰਨ ਦਾ ਫ਼ੈਸਲਾ ਲਿਆ ਗਿਆ। ਇਸੇ ਤਹਿਤ ਖ਼ਾਲਸਾ ਸਮਾਚਾਰ ਜੋ ਲਾਕਡਾਊਨ ਕਰਕੇ ਦਫ਼ਤਰ ਬੰਦ ਹੋਣ ਕਾਰਨ ਹੁਣ ਤਕ ਸਥਗਿਤ ਸੀ, ਇਸਦੇ ਅਗਲੇ ਅੰਕਾਂ ਨੂੰ ਕੱਢਣ ਦਾ ਫ਼ੈਸਲਾ ਲਿਆ ਗਿਆ। ਇਹ **ਖ਼ਾਲਸਾ ਸਮਾਚਾਰ** ਦਾ 17ਵਾਂ ਅੰਕ ਹੈ ਤੇ ਇਸ ਨੂੰ ਅਸੀਂ ਪ੍ਰਿੰਟ ਰੂਪ'ਚ ਨਾ ਛਾਪ ਕੇ ਆਨਲਾਈਨ ਹੀ ਜਾਰੀ ਕਰਾਂਗੇ ਤੇ ਉਮੀਦ ਕਰਾਂਗੇ ਕਿ ਅੱਗੇ ਜਦ ਹਾਲਾਤ ਹੋਰ ਸੁਖਾਵੇਂ ਹੋਣਗੇ ਅਤੇ ਸਰਕਾਰ ਵੱਲੋਂ ਕਾਰੋਬਾਰ ਨੂੰ ਕੁਝ ਹੋਰ ਛੂਟਾਂ ਆਇਦ ਹੋਣਗੀਆਂ ਤਾਂ ਇਸ ਦਾ ਪਹਿਲਾਂ ਦੀ ਤਰ੍ਹਾਂ ਪ੍ਰਿੰਟਿੰਗ ਰੂਪ ਪ੍ਰਕਾਸ਼ਿਤ ਕਰਕੇ ਪਾਠਕਾਂ ਤਕ ਪੁਚਾਇਆ ਜਾਵੇਗਾ। ਇਹ **ਖ਼ਾਲਸਾ ਸਮਾਚਾਰ** ਦਾ ਆਨਲਾਈਨ ਐਡੀਸ਼ਨ ਹੈ ਤੇ ਇਸ ਨੂੰ ਅਸੀਂ ਫੇਸਬੁਕ ਅਤੇ ਸਦਨ ਦੀ ਵੈਬਸਾਈਟ ਤੇ ਪਾ ਰਹੇ ਹਾਂ।

ਅੰਦਰ


- ਭਲੇ ਅਮਰਦਾਸ ਗੁਣ ਤੇਰੇ 3
- ਭਾਈ ਨਿਰਮਲ ਸਿੰਘ ਖ਼ਾਲਸਾ 5
- The Sikh Way of Sharing & Caring 7
- ਸੰਤ ਬਿਮਲਾ ਸਿੰਘ: ਪੀੜਾ-ਹਰਨ ਦਾਤਾ 9
- ਸੌ ਸਾਲ ਪਹਿਲਾਂ: ਮਿਸ ਸ਼ੇਰਵੁਡ... 10
- ਸ਼ਬਦ ਵਿਆਖਿਆ 11
- ਖ਼ਬਰ-ਸਾਰ 12


# ਦੁੱਖ ਸੁੱਖ

❖ **ਭਾਈ ਸਾਹਿਬ ਭਾਈ ਵੀਰ ਸਿੰਘ**

ਜਿਥੇ ਪ੍ਰਤਿਕੂਲ ਭਾਵਨਾ ਹੈ, ਉਥੇ ਦੁੱਖ ਹੈ, ਜਿਥੇ ਅਨਕੂਲਤਾ ਹੈ ਉਥੇ ਸੁੱਖ। ਪ੍ਰਤਿਕੂਲਤਾ ਤੇ ਅਨਕੂਲਤਾ ਮਨੋਕਲਪਤ ਭਾਵਨਾ ਹਨ। ਇਸੇ ਤੋਂ ਰਾਗ ਦ੍ਵੈਖ ਹੁੰਦਾ ਹੈ, ਤਾਂ ਤੇ ਸੁੱਖ ਦੁੱਖ ਕਿਸੇ ਘਟਨਾ ਵਿਚ ਨਹੀਂ ਸਾਡੇ ਮਨ ਦੀ ਕਲਪਨਾ ਵਿਚ ਹੈ।

ਇਕ ਆਦਮੀ ਦੇ ਮਰਨ ਦਾ ਸਾਨੂੰ ਦੁੱਖ ਹੁੰਦਾ ਹੈ ਤੇ ਦੂਜੇ ਦਾ ਨਹੀਂ ਹੁੰਦਾ, ਸਗੋਂ ਸੁੱਖ ਸਮਝਦੇ ਹਾਂ, ਕਿਉਂ?

ਪਹਿਲਾ ਸਾਡੇ ਅਨਕੂਲ ਸੀ ਤੇ ਦੂਜਾ ਪ੍ਰਤੀਕੂਲ। ਐਸ ਵੇਲੇ ਦੁੱਖ ਜੋ ਹੋ ਰਿਹਾ ਹੈ ਮਨੁੱਖ ਦੇ ਕਿਸੇ ਭਲੇ ਵਾਸਤੇ ਹੋ ਰਿਹਾ ਹੈ, ਜੋ ਐਸ ਵੇਲੇ ਸਾਡੀ ਸਮਝ ਵਿਚ ਇਹ ਗਲ ਨਹੀਂ ਆਈ ਤਦ ਸਾਡੀ ਦਸ਼ਾ ਉਸ ਰੋਗੀ ਨਾਲੋਂ ਅਛੀ ਨਹੀਂ ਜਿਸਦੇ ਫੋੜੇ ਦਾ ਅਪ੍ਰੇਸ਼ਨ ਕਰਕੇ ਡਾਕਟਰ ਉਸਨੂੰ ਅਰੋਗ ਕਰਨਾ ਲੋੜਦਾ ਹੈ, ਪਰ ਉਹ ਡਾਕਟਰ ਦੇ ਇਸ ਕਰਨ ਨੂੰ ਜ਼ੁਲਮ ਸਮਝ ਕੇ ਡਰਦਾ ਹੈ।

**ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥** (ਅੰਗ ੬੨੪)

ਵਾਹਿਗੁਰੂ ਪਿਤਾ ਹੈ, ਅਸੀਂ ਸਾਰੇ ਉਹਦੇ ਪੁੱਤਰ ਹਾਂ। ਮਾਇਆ ਦੇ ਚੰਚਲ ਪ੍ਰਭਾਵ ਨੇ ਸਾਡੇ ਮਨਾਂ ਨੂੰ ਮੋਹ ਲਿਆ ਹੈ, ਤੇ ਅਸੀਂ ਇਹਦੇ ਚਮਕ ਦਮਕ ਦੇ ਛਲਾਵੇ ਵਿਚ ਛਲੇ ਗਏ ਹਾਂ। ਉਠਦਿਆਂ, ਬੈਠਦਿਆਂ, ਟੁਰਦਿਆਂ, ਫਿਰਦਿਆਂ, ਸੌਂਦਿਆਂ ਤੇ ਜਾਗਦਿਆਂ ਐਥੋਂ ਤਕ ਕਿ ਸੁਪਨੇ ਵਿਚ ਵੀ ਇਸੇ ਦਾ ਖਿਆਲ ਰਹਿੰਦਾ ਹੈ, ਜਿਸਤੋਂ ਆਪਣਾ ਅਸਲਾ ਭੁਲ ਗਏ ਹਾਂ ਤੇ ਉਸ ਤੋਂ ਇੰਨੀ ਦੂਰ ਚਲੇ ਗਏ ਹਾਂ ਕਿ ਸਾਡਾ ਆਪਣੇ ਅਸਲੇ ਨਾਲ ਕੋਈ ਸਬੰਧ ਹੋਣਾ ਸਮਝਣਾ ਅਸੰਭਵ ਹੋ ਰਿਹਾ ਹੈ? ਅਸੀ ਆਪਣੇ ਸੋਮੇ ਨੂੰ ਭੁਲਾ ਦਿਤਾ ਹੈ ਪਰ ਉਸ ਨੇ ਸਾਨੂੰ ਨਹੀਂ ਭੁਲਾਇਆ। ਉਹ ਸਾਡੀ ਇਸ ਗਿਰਾਵਟ ਨੂੰ ਵੇਖਦਾ ਹੈ ਤੇ ਉਹ ਦਯਾਵਾਨ ਹੁੰਦਾ ਹੈ। ਸਾਨੂੰ ਵਿਕਾਰਾਂ ਦੇ ਚਿੱਕੜ ਵਿਚ ਲਿਬੜਿਆ ਤੱਕਦਾ ਹੈ ਤੇ ਗੋਦੀ ਵਿਚ ਲੈਕੇ ਪਵਿੱਤ੍ਰ ਕਰਨ ਲਈ ਬਾਹਾਂ ਪਸਾਰਦਾ ਹੈ। ਸਾਨੂੰ ਕਸ਼ਟਾਂ ਵਿਚ ਤੜਫਦਾ ਤੇ ਵਿਲਕਦਾ ਤਕਕੇ ਹੱਥ ਵਧਾ ਰਿਹਾ ਹੈ ਕਿ ਉਹਦੀ ਉਂਗਲੀ ਫੜਕੇ ਦੁੱਖਾਂ ਦੇ ਸਾਗਰ ਵਿਚੋਂ ਨਿਕਲ ਆਈਏ। ਉਹ ਸਾਡੇ ਔਗੁਣਾਂ ਨੂੰ ਵੇਖਕੇ ਅਣਡਿਠ ਕਰ ਰਿਹਾ ਹੈ ਤੇ ਆਪਣੀਆਂ ਮਿਹਰਾਂ ਦਾ ਮੀਂਹ ਵਰਸਾ ਰਿਹਾ ਹੈ। ਜਿਵੇਂ ਮਾਤਾ ਆਪਣੇ ਬੱਚੇ ਨੂੰ, ਭਾਵੇਂ ਉਹ ਕਿੰਨਾ

ਹੀ ਗੰਦਾ ਤੇ ਮੰਦਾ ਕਿਉਂ ਨਾ ਹੋਵੇ, ਸੁਛ ਵੇਖਣਾ ਚਾਹੁੰਦੀ ਹੈ, ਮਿਟੀ ਘਟੇ ਨਾਲ ਲਿਬੜੇ ਨੂੰ ਉਠਾਉਂਦੀ, ਨਹਾਉਂਦੀ, ਧੁਆਉਂਦੀ ਤੇ ਗਲੇ ਨਾਲ ਲਗਾਉਂਦੀ ਹੈ, ਤਿਵੇਂ ਹੀ ਵਾਹਿਗੁਰੂ ਆਪਣੇ ਬੰਦਿਆਂ ਨੂੰ ਸੁਛ, ਸ਼ੁੱਧ ਤੇ ਪਵਿੱਤ੍ਰ ਵੇਖਣਾ ਚਾਹੁੰਦਾ ਹੈ, ਇਨ੍ਹਾਂ ਦੇ ਔਗੁਣ ਨਹੀ ਚਿਤਾਰਦਾ, ਪਰ ਸ਼ਰਤ ਇਹ ਹੈ ਕਿ ਬੰਦੇ ਉਹਦੇ ਬੰਦੇ ਹੋਣਾ ਚਾਹੁਣ। ਉਹ ਪਾਪਾਂ ਨੂੰ ਭੁਲ ਜਾਂਦਾ ਹੈ, ਜੇ ਪਾਪੀ ਆਪਣੇ ਪਾਪਾਂ ਤੋਂ ਲੱਜਤ ਹੋ ਪਸ਼ਚਾਤਾਪ ਕਰੇ। ਉਹ ਔਗੁਣਾਂ ਨੂੰ ਵਿਸਾਰ ਦੇਂਦਾ ਹੈ, ਜੇ ਔਗਣੀ ਆਪਣੇ ਔਗਣਾਂ ਤੋਂ ਪਸ਼ੇਮਾਨ ਹੋਕੇ ਅੱਖਾਂ ਦੇ ਅਥਰੂ ਵਗਾਵੇ। ਉਹ ਕੁਕਰਮਾਂ ਨੂੰ ਦਗਧ ਕਰ ਦੇਂਦਾ ਹੈ, ਜੇ ਕੁਕਰਮੀ ਪਿਛਲੇ ਕੁਕਰਮਾਂ ਤੇ ਪਸ਼ਚਾਤਾਪ ਦੇ ਹੱਥ ਮਲਦਾ ਹੋਇਆ ਅਗੋਂ ਨੂੰ ਕੁਕਰਮਾਂ ਦੇ ਕਰਨ ਤੋਂ ਕੰਨਾਂ ਨੂੰ ਹੱਥ ਲਾਵੇ।

ਜਿਵੇਂ ਮਾਤਾ ਦੀ ਗੋਦ ਬੱਚੇ ਵਾਸਤੇ ਹਰ ਵੇਲੇ ਖੁਲੀ ਹੈ ਤੇ ਜਿਵੇਂ ਪਿਤਾ ਦੀਆਂ ਬਾਹਾਂ ਹਰ ਵੇਲੇ ਪੁਤਰ ਨੂੰ ਗਲਵੱਕੜੀ ਵਿਚ ਲੈਣ ਲਈ ਅੱਡੀਆਂ ਰਹਿੰਦੀਆਂ ਹਨ, ਤਿਵੇਂ ਵਾਹਿਗੁਰੂ ਦਾ ਦਰ ਪਸ਼ਚਾਤਾਪ ਕਰਨ ਵਾਲਿਆਂ, ਖਿਮਾਂ ਦੇ ਯਾਚਕਾਂ ਤੇ ਅਗੋਂ ਨੂੰ ਮੰਦੇ ਕਰਮਾਂ ਦੇ ਨਾ ਕਰਨ ਦਾ ਪ੍ਰਣ ਕਰਨ ਵਾਲਿਆਂ ਲਈ ਸਦਾ ਹੀ ਖੁਲ੍ਹਾ ਹੈ। ਉਹ ਬਖਸ਼ਿੰਦ ਹੈ, ਉਹਦੀ ਬਖਸ਼ਿਸ਼ ਦੀ ਕੋਈ ਹੱਦ ਨਹੀਂ, ਉਹਦੇ ਵਲ ਕਦਮ ਧਰਦਿਆਂ ਹੀ ਪਾਪ ਝੜਦੇ, ਉਹਦੇ ਦੀਦਾਰ ਦੀ ਤੜਪ ਵਿਚ ਵਿਆਕਲ ਹੁੰਦਿਆਂ ਹੀ ਗੁਨਾਹ ਸੜਦੇ ਤੇ ਉਹਦੇ ਪਿਆਰ ਦੀ ਉਮੰਗ ਵਿਚ ਅੱਖਾਂ ਤੋਂ ਵਗਣ ਵਾਲੀ ਜਲਧਾਰਾ ਸਾਰੀ ਮੈਲ ਕੁਚੈਲ ਰੋਹੜ ਕੇ ਲੈ ਜਾਂਦੀ ਹੈ, ਜਿਸਤੋਂ ਮਨੁੱਖ ਹੌਲਾ ਫੁੱਲ ਹੋ ਜਾਂਦਾ ਹੈ। ਹਿਰਦਾ ਸ਼ੁੱਧ ਹੋ ਆਉਂਦਾ ਹੈ ਤੇ ਮਨ ਮਲੀਨ ਵਾਸ਼ਨਾ ਤੋਂ ਰਹਿਤ ਹੋ ਜਾਂਦਾ ਹੈ, ਦਿਲ ਦਾ ਸ਼ੀਸ਼ਾ ਸਾਫ਼ ਹੋ ਜਾਂਦਾ ਹੈ ਤੇ ਇਸ ਤਰ੍ਹਾਂ ਆਤਮਾਂ ਪ੍ਰਮਾਤਮਾਂ ਦੇ ਬਹੁਤ ਨੇੜੇ ਆ ਜਾਂਦਾ ਹੈ।

ਕੋਈ ਮਨੁੱਖ ਅਜਿਹਾ ਨਹੀਂ ਜੋ ਗੁਨਾਹਗਾਰ ਨਹੀਂ, ਪਰ ਜਿਹੜਾ ਗੁਨਾਹ ਕਰਕੇ ਪਸ਼ਚਾਤਾਪ ਕਰਦਾ ਹੈ ਤੇ ਫਿਰ ਉਸ ਪਾਸੇ ਨਾ ਜਾਣ ਦੀ ਕੋਸ਼ਿਸ਼ ਵਿਚ ਲਗਾ ਰਹਿੰਦਾ ਹੈ, ਉਸ ਜਿੰਨਾ ਸੁਭਾਗਾ ਕੋਈ ਨਹੀਂ। ਜਦ ਕੋਈ ਆਪਣੇ ਕੀਤੇ ਤੇ ਪਸ਼ਚਾਤਾਪ ਕਰਦਾ ਹੈ, ਤਦ ਉਹਦੇ ਬਖਸ਼ਿਸ਼ ਦੀ ਅਰਜੋਈ ਕਰਨ ਤੋਂ ਪਹਿਲਾਂ ਉਸ ਬਖਸ਼ੰਦ ਦੀ ਰਹਿਮਤ ਬਖਸ਼ਣ ਲਈ ਜੋਸ਼ ਵਿਚ ਆ ਜਾਂਦੀ ਹੈ।

ਪਸ਼ਚਾਤਾਪ ਨਾਲ ਵਾਹਿਗੁਰੂ ਦੇ ਗਿਆਨ ਦਾ ਝਲਕਾ ਵਜਦਾ ਹੈ, ਇਸ ਚਾਨਣੇ ਵਿਚ ਪਾਪ ਇਕ ਦਗਧ ਕਰਨ ਵਾਲੀ ਅਗਨੀ ਦੀ ਭੱਠੀ ਵਰਗੇ ਦਿਸਦੇ ਹਨ, ਤੇ ਪਸ਼ਚਾਤਾਪ ਕਰਨ ਵਾਲਾ ਉਸ ਭੱਠੀ ਨੂੰ ਵੇਖਕੇ ਡਰਦਾ, ਕੰਬਦਾ ਤੇ ਉਸਤੋਂ ਬਚਣ ਦਾ ਉਪਰਾਲਾ ਕਰਦਾ ਹੈ ਤੇ ਵਾਹਿਗੁਰੂ ਦੇ ਦਰ ਤੇ ਉਹਦੀ ਕੀਤੀ ਪੁਕਾਰ ਸੁਣੀ ਜਾਂਦੀ ਹੈ।

ਜਿਹੜਾ ਆਦਮੀ ਬਾਲਪਨ ਵਿਚੋਂ ਨਿਕਲ ਗਿਆ ਹੈ ਆਪਣੇ ਪੈਦਾ ਕਰਨ ਵਾਲੇ ਨੂੰ ਨਹੀਂ ਜਾਣਦਾ, ਉਹਨੂੰ ਪਸ਼ਚਾਤਾਪ ਕਰਨਾ ਚਾਹੀਦਾ ਹੈ ਕਿ ਉਸਨੇ ਆਪਣੇ ਸਿਰਜਣਹਾਰ ਤੇ ਪਾਲਣਹਾਰ ਦਾਤਾਰ ਦੇ ਵਲੋਂ ਹੁਣ ਤਕ ਬੇਪ੍ਰਵਾਹੀ ਕਿਉਂ ਵਰਤੀ?

ਜੇ ਆਸਤਕਾਂ ਦੇ ਘਰ ਵਿਚ ਜਨਮ ਲਿਆ ਹੈ ਤੇ ਜ਼ਬਾਨ ਨਾਲ ਆਖਣ ਮਾਤਰ ਵਾਸਤੇ ਇਹ ਗਲ ਮੰਨਦਾ ਹੈ ਕਿ ਪ੍ਰਮੇਸ਼ੂਰ ਹੈ ਤੇ ਦਿਲੋਂ ਗ਼ਾਫ਼ਲ ਹੈ ਤਾਂ ਉਸਨੂੰ ਆਪਣੀ ਇਸ ਬੇਪ੍ਰਵਾਹੀ ਤੇ ਪਸ਼ਚਾਤਾਪ ਕਰਨਾ ਚਾਹੀਦਾ ਹੈ। ਪਸ਼ਚਾਤਾਪ ਇੰਜ ਕਰਨਾ ਚਾਹੀਦਾ ਹੈ ਕਿ ਉਹਦਾ ਦਿਲ ਧਰਮ ਤੋਂ ਗਿਆਤਾ ਹੋ ਜਾਏ, ਫਿਰ ਉਹ ਵਾਹਿਗੁਰੂ ਨੂੰ ਨਾ ਭੁਲੇ, ਉਹਦੀ ਹੋਂਦ ਦਾ ਦਿਲ ਵਿਚ ਦ੍ਰਿੜ੍ਹ ਵਿਸ਼ਵਾਸ਼ ਹੋਵੇ, ਹਰ ਵੇਲੇ ਉਠਦਿਆਂ, ਬੈਠਦਿਆਂ, ਸੌਂਦਿਆਂ, ਜਾਗਦਿਆਂ ਪ੍ਰਗਟ ਤੇ ਲੁਕਵੀਆਂ ਥਾਂ ਤੇ ਜਿਥੇ ਵੀ ਹੋਵੇ, ਆਪਣੇ ਆਪ ਨੂੰ ਮਾਲਕ ਦੀ ਹਜ਼ੂਰੀ ਵਿਚ ਜਾਣੇ ਤੇ ਜਿਸ ਵੇਲੇ ਬੋਲਣ ਲਈ ਮੂੰਹ ਖੋਹਲੇ ਇਹ ਗਲ ਜਾਣੇ ਕਿ ਜੇ ਮੈ ਬੋਲਣ ਲਗਿਆਂ ਦਿਲ ਤੇ ਜ਼ਬਾਨ ਵਿਚ ਕੋਈ ਅੰਤਰਾ ਰਖਕੇ ਕਿਸੇ ਨਾਲ ਗਲ ਕਰਾਂਗਾ, ਤਦ ਉਹ ਸਰਬ ਵਯਾਪਕ, ਅੰਤਰਯਾਮੀ ਇਸ ਗਲ ਤੋਂ ਜਾਣੂ ਹੋਵੇਗਾ। ਸੋ ਪਸ਼ਚਾਤਾਪ ਇਸ ਤਰ੍ਹਾਂ ਕਰੇ ਕਿ ਉਹਦਾ ਮਨ ਉਹਦੇ ਕਾਬੂ ਵਿਚ ਹੋ ਜਾਏ, ਵਿਸ਼ੇ ਵਾਸ਼ਨਾਂ ਬੁਰਾਈ ਵਲ ਫਿਰ ਨਾ ਲਿਜਾ ਸਕਣ। ਜਿਸ ਵੇਲੇ ਕੋਈ ਆਦਮੀ ਪਾਪ ਕਰਦਾ ਹੈ ਉਸ ਵੇਲੇ ਉਹ ਆਪਣੇ ਆਪ ਨੂੰ ਹਜ਼ੂਰੀ ਵਿਚ ਨਹੀਂ ਸਮਝਦਾ। ਕਿਉਂਕਿ ਜੋ ਹਜ਼ੂਰੀ ਵਿਚ ਹੈ, ਉਸਤੋਂ ਪਾਪ ਨਹੀਂ ਹੋ ਸਕਦਾ।

ਚੋਰ ਚੋਰੀ ਕਰਨ ਲਗਿਆਂ ਅੱਗੇ ਪਿੱਛੇ ਵੇਖਦਾ ਹੈ ਕਿ ਮੈਨੂੰ ਕੋਈ ਵੇਖ ਤਾਂ ਨਹੀਂ ਰਿਹਾ, ਜੇ ਉਸਨੂੰ ਇਹ ਪਤਾ ਲਗ ਜਾਏ ਕਿ ਕੋਈ ਉਸਨੂੰ ਵੇਖ ਰਿਹਾ ਹੈ, ਤਦ ਉਹ ਕਦੇ ਚੋਰੀ ਨਹੀਂ ਕਰੇਗਾ, ਪਰ ਜ਼ਬਾਨ ਨਾਲ ਇਸ ਗਲ ਦਾ ਇਕਰਾਰ ਕਰਦਾ ਹੋਇਆ ਕਿ ਅਕਾਲ ਪੁਰਖ ਜੋ ਸਰਬ ਸ਼ਕਤੀਮਾਨ ਹੈ, ਤੇ ਹਰ ਥਾਂ ਮੌਜੂਦ ਹੈ, ਜੇ ਉਹ ਫਿਰ ਵੀ ਚੋਰੀ ਕਰਦਾ ਹੈ ਤਾਂ ਇਹਦਾ ਮਤਲਬ ਇਹ ਹੋਇਆ ਕਿ ਉਸ ਵੇਲੇ ਉਹ ਵਾਹਿਗੁਰੂ ਨੂੰ ਹਰ ਥਾਈਂ ਹਾਜ਼ਰ ਨਹੀਂ ਮੰਨ ਰਿਹਾ। ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿਕ ਮਨੁੱਖ ਦੇ ਮਹਾਨ ਸ਼ਤਰੂ ਹਨ। ਇਨ੍ਹਾਂ ਦੇ ਫੰਦੇ ਵਿਚ ਫਾਸੇ ਦਾ ਛੁਟਕਾਰਾ ਨਹੀਂ, ਜਨਮ ਜਨਮਾਂਤਰਾਂ ਦਾ ਗੇੜ ਹੈ, ਮੌਤ ਹੈ ਤੇ ਦੁੱਖਾਂ ਦਾ ਅਸਗਾਹ ਸਾਗਰ ਹੈ। ਸੋ ਇਸ ਗੱਲ ਨੂੰ ਜਾਣਦਾ ਹੋਇਆ ਵੀ ਜਿਹੜਾ ਆਦਮੀ ਵਿਸ਼ੇ ਲੰਪਟ ਹੁੰਦਾ ਹੈ, ਸਮਝ ਲੈਣਾ ਚਾਹੀਦਾ ਹੈ ਕਿ ਉਸ ਵੇਲੇ ਉਸ ਦੇ ਵਿਵੇਕ ਦਾ ਦੀਪਕ ਮਲੀਨ ਹੋ ਚੁੱਕਾ ਹੈ। ਵਾਹਿਗੁਰੂ ਦੀ ਸਰਬ ਵਿਆਪਕਤਾ ਦੇ ਸਿਧਾਂਤ ਨੂੰ ਘਟੋ ਘਟ ਉਸ ਵੇਲੇ ਵਿਕਾਰਾਂ ਨੇ ਉਹਦੀਆਂ ਅੱਖਾਂ ਦੇ ਸਾਹਮਣਿਓਂ ਦੂਰ ਕਰ ਦਿਤਾ ਹੈ। ਵਾਹਿਗੁਰੂ ਦੇ ਸਰਬ ਸ਼ਕਤੀਮਾਨ ਹੋਣ ਤੋਂ ਉਹਦਾ ਨਿਸ਼ਚਾ ਉਸ ਵੇਲੇ ਵਿਚਲ ਗਿਆ ਹੈ।

ਸੋ ਪਹਿਲਾਂ ਪਸ਼ਚਾਤਾਪ ਨਾਸਤਕਤਾ ਤੋਂ ਕਰਨਾ ਚਾਹੀਦਾ ਹੈ। ਫਿਰ ਰਸਮੀ ਧਰਮੀ ਹੋਣ ਤੋਂ ਪਸ਼ਚਾਤਾਪ ਕਰਨਾ ਚਾਹੀਦਾ ਹੈ ਤੇ ਫੇਰ ਇਸਤੋਂ ਪਿਛੋਂ ਤੀਜਾ ਦਰਜਾ ਪਸ਼ਚਾਤਾਪ ਦਾ ਹੈ, ਜਿਹੜੇ ਪਾਪ ਕੀਤੇ ਹਨ, ਉਨ੍ਹਾਂ ਤੇ ਪਸ਼ਚਾਤਾਪ ਕੀਤਾ ਜਾਏ। ਪਾਪਾਂ ਤੋਂ ਕੀਤਾ ਪਸ਼ਚਾਤਾਪ ਪਾਪਾਂ ਦੇ ਲਬੇੜ ਤੋਂ ਸਾਫ਼ ਸ਼ੁੱਧ ਤੇ ਪਵਿਤ੍ਰ ਬਣਾ ਦੇਵੇਗਾ।

ਕੋਈ ਵੀ ਕੰਮ ਕਰਨ ਲਗਿਆਂ ਪਹਿਲਾਂ ਸੋਚ ਸੋਚਣੀ ਚਾਹੀਦੀ ਹੈ ਕਿ ਜਿਹੜਾ ਕੰਮ ਕਰਨ ਲਗਾ ਹਾਂ ਇਹਦੇ ਵਿਚ ਪਾਪ ਦਾ ਤਾਂ ਕੋਈ ਭਾਗ ਨਹੀਂ, ਜੇ ਹੈ ਤਾਂ ਉਸਦੇ ਕਰਨ ਤੋਂ ਪਹਿਲਾਂ ਹੀ ਦੂਰ ਹੋ ਜਾਏ ਤੇ ਜੇ ਅੱਗਜਾਤ ਅਵਸਥਾ ਵਿਚ ਹੋ ਗਿਆ ਹੈ ਤਦ ਬੜੀ ਸਾਵਧਾਨੀ ਨਾਲ ਵਿਚਾਰ ਕੇ ਉਸ ਤੇ ਉਸ ਵੇਲੇ ਪਸ਼ਚਾਤਾਪ ਕਰੇ, ਜੇ ਉਸ ਵੇਲੇ ਇਸ ਉਕਾਈ ਦੀ ਸੋਝੀ ਨਾ ਪਏ ਤਦ ਰਾਤ ਨੂੰ ਇਕਾਂਤ ਵਿਚ ਬੈਠਕੇ ਦਿਨ ਭਰ ਕੀਤੇ ਕੰਮਾਂ ਨੂੰ ਇਕ ਇਕ ਕਰਕੇ ਅੱਖਾਂ ਦੇ ਸਾਹਵੇਂ ਲਿਆਵੇ ਤੇ ਦਿਨ ਵਿਚ ਕੀਤੇ ਹਰ ਇਕ ਕੰਮ ਦੀ ਬੜੀ ਕਰੜਾਈ ਨਾਲ ਪੜਚੋਲ ਕਰੇ, ਤੇ ਪਾਪ ਕਰਮਾਂ ਤੋਂ ਪਸ਼ਚਾਤਾਪ ਕਰਦਾ ਹੋਇਆ ਵਾਹਿਗੁਰੂ ਪਾਸੋਂ ਖਿਮਾਂ ਮੰਗੇ ਤੇ ਅੱਗੋਂ ਨੂੰ ਪਾਪਾਂ ਤੋਂ ਬਚਣ ਦਾ ਦ੍ਰਿੜ ਪ੍ਰਣ ਕਰੇ। ਜਿਸ ਵੇਲੇ ਬਚਨ ਤੇ ਕਰਮਾਂ ਨਾਲ ਪਾਪ ਕਰਨ ਤੋਂ ਬੱਚ ਜਾਏ, ਉਸ ਵੇਲੇ ਮਨ ਦੇ ਸੰਕਲਪ ਵਿਕਲਪ ਵਿਚ ਪਾਪਾਂ ਦੇ ਚਿੰਤਨ ਤੇ ਦ੍ਰਿਸ਼ਟੀ ਮਾਰਨੀ ਚਾਹੀਦੀ ਹੈ ਤੇ ਜਿਹੜੇ ਕੁਕਰਮ ਤੇ ਪਾਪ ਚਿੰਤਨ ਵਿਚ ਆਉਣ ਉਹਨਾਂ ਤੋਂ ਪਸ਼ਚਾਤਾਪ ਕਰਨਾ ਚਾਹੀਦਾ ਹੈ। ਇਹ ਜਿਨੀਆਂ ਉਕਾਈਆਂ ਤੇ ਪਾਪ ਹਨ ਉਹ ਸਾਰੀਆਂ ਵਾਹਿਗੁਰੂ ਨੂੰ ਭੁਲਣ ਤੋਂ ਹਨ, ਜੇ ਬੰਦਾ ਵਾਹਿਗੁਰੂ ਦੀ ਯਾਦ ਤੇ ਹਜ਼ੂਰੀ ਵਿਚ ਰਹਿਣ ਲਗ ਪਏ ਤਦ ਉਸਤੋਂ ਪਾਪ ਨਹੀਂ ਹੋ ਸਕਣਗੇ।

(ਬਾਕੀ ਪੰਨਾ 6 'ਤੇ)

# ਭਲੇ ਅਮਰਦਾਸ ਗੁਣ ਤੇਰੇ

❖ ਡਾ. ਪਰਮਜੀਤ ਕੌਰ, ਯਮੁਨਾਨਗਰ



ਵਿਨੰਮ੍ਰਤਾ ਦੇ ਪੁੰਜ, ਸੇਵਾ ਦੀ ਮੂਰਤ, ਇਸਤ੍ਰੀ ਦੀ ਆਜਾਦੀ ਦੇ ਸਮਰਥਕ, ਕੋਮਲ-ਹਿਰਦਾ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ 8 ਜੇਠ ਸੰਮਤ 1536 ਨੂੰ ਭੱਲਾ ਕੁਲ ਦੇ ਖਤ੍ਰੀ ਬਾਬਾ ਤੇਜਭਾਨ ਜੀ ਦੇ ਘਰ ਬਾਸਰਕੇ ਪਿੰਡ ਵਿਚ ਹੋਇਆ। ਬਾਬਾ ਤੇਜਭਾਨ ਜੀ ਵਾਹੀ ਵੀ ਕਰਦੇ ਸਨ ਤੇ ਵਣਜ-ਵਿਹਾਰ ਵੀ। 24 ਕੁ ਸਾਲ ਦੀ ਉਮਰ ਵਿਚ ਆਪ ਜੀ ਦਾ ਵਿਆਹ ਖੱਤ੍ਰੀਆਂ ਦੇ ਬਹਿਲ ਘਰਾਣੇ ਵਿਚ ਹੋਇਆ। ਇਹਨਾਂ ਦੇ ਘਰ ਦੋ ਲੜਕੇ ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ ਤੇ ਦੋ ਲੜਕੀਆਂ ਬੀਬੀ ਭਾਨੀ ਜੀ, ਬੀਬੀ ਨਿਧਾਨੀ (ਦਾਨੀ) ਜੀ ਪੈਦਾ ਹੋਈਆਂ। ਆਪ ਜੀ ਪਹਿਲਾਂ ਹਿੰਦੂ ਧਰਮ-ਸ਼ਾਸਤ੍ਰਾਂ ਦੀ ਮਰਿਆਦਾ ਅਨੁਸਾਰ ਤੀਰਥਾਂ ਤੇ ਜਾਣ ਵਿਚ ਰੁਚੀ ਰੱਖਦੇ ਸਨ। 42 ਸਾਲ ਦੀ ਉਮਰ ਵਿਚ ਸੰਨ 1521 ਨੂੰ ਹਰਿਦੁਆਰ ਇਸ਼ਨਾਨ ਕਰਨ ਗਏ ਤੇ 20 ਸਾਲ ਲਗਾਤਾਰ ਸੰਨ 1541 ਤੱਕ ਹਰ ਸਾਲ ਨੇਮ-ਅਨੁਸਾਰ ਜਾਂਦੇ ਰਹੇ। ਸੰਨ 1541 ਵਿਚ ਮੇਲ ਹੋਇਆ। ਉਹ ਸਾਧੂ ਬਾਸਰਕੇ ਤੱਕ ਨਾਲ ਹੀ ਆਇਆ, ਪਰ ਜਦੋਂ ਉਸਨੂੰ ਇਹ ਪਤਾ ਲੱਗਾ ਕਿ ਅੱਜੇ ਤਕ (ਗੁਰੂ) ਅਮਰਦਾਸ ਜੀ ਨੇ ਕੋਈ ਗੁਰੂ ਧਾਰਨ ਨਹੀਂ ਕੀਤਾ ਤਾਂ ਉਸਨੂੰ ਨਿਗੁਰੇ ਨਾਲ ਸੰਗਤ ਕਰਨ ਦਾ ਬੜਾ ਅਫ਼ਸੋਸ ਹੋਇਆ। ਆਪਣਾ ਇਹ ਵਿਚਾਰ ਉਸਨੇ (ਗੁਰੂ) ਅਮਰਦਾਸ ਜੀ ਅੱਗੇ ਪ੍ਰਗਟ ਵੀ ਕਰ ਦਿੱਤਾ। ਵੈਸ਼ਨਵ ਸਾਧੂ ਦੇ ਬੋਲਾਂ ਨੇ (ਗੁਰੂ) ਅਮਰਦਾਸ ਜੀ ਦੇ ਹਿਰਦੇ ਤੇ ਬੜੀ ਚੋਟ ਕੀਤੀ। ਇਕ ਦਿਨ ਸਬੱਬ ਨਾਲ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਕੋਲੋਂ ਜਿਸ ਦਾ ਵਿਆਹ (ਗੁਰੂ) ਅਮਰਦਾਸ ਜੀ ਦੇ ਭਤੀਜੇ ਨਾਲ ਹੋਇਆ ਸੀ, ਗੁਰੂ ਨਾਨਕ ਦੇਵ ਜੀ ਦੀ ਬਾਣੀ ਬੜੇ ਹੀ ਮਿੱਠੇ ਸੁਰਾਂ ਵਿਚ ਸੁਣੀ। ਗੁਰਬਾਣੀ ਸੁਣਕੇ ਇਤਨੇ ਪ੍ਰਭਾਵਿਤ ਹੋਏ ਕਿ ਖਡੂਰ ਆ ਕੇ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਲਈ ਅਤੇ ਸੇਵਾ ਵਿਚ ਲੱਗ ਗਏ। ਉਸ ਸਮੇਂ ਆਪ ਜੀ ਦੀ ਉਮਰ 62 ਸਾਲ ਸੀ। ਆਪ ਜੀ ਨੇ ਇਹ ਨਿਤ ਦਾ ਨਿਯਮ ਬਣਾ ਲਿਆ, ਆਪ ਅੱਧੀ ਰਾਤ ਉੱਠ ਕੇ ਗਾਗਰ ਲੈ ਕੇ ਖਡੂਰ ਸਾਹਿਬ ਤੋਂ ਬਿਆਸਾ ਦਰਿਆ ਜਾਂਦੇ। ਆਪ ਇਸ਼ਨਾਨ ਕਰਕੇ ਆਪਣੇ ਪਾਤਸ਼ਾਹ ਲਈ ਗਾਗਰ ਭਰ ਕੇ ਲਿਆਂਦੇ। ਲੰਗਰ ਦੇ ਜੂਠੇ ਭਾਂਡੇ ਮਾਂਜਦੇ, ਬਾਲਣ ਲਿਆਉਣਾ, ਪਾਣੀ ਢੋਣਾ, ਲੋੜ ਅਨੁਸਾਰ ਪੱਖਾ ਝੱਲਣਾ, ਗੁਰੂ ਦਰ ਤੇ ਆਏ ਬੰਦਿਆਂ ਦੀ ਹਰੇਕ ਸੇਵਾ ਕਰਨੀ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਬਣਾ ਲਿਆ। ਹੱਥ ਸੇਵਾ ਵੱਲ ਤੇ ਚਿੱਤ ਕਰਤਾਰ ਵੱਲ ਰਹਿੰਦਾ। ਹਾੜ-ਸਿਆਲ, ਹਨੇਰੀ-ਮੀਂਹ ਕਿਸੇ ਵੀ ਸਮੇਂ ਇਸ ਨੇਮ ਵਿਚ ਫਰਕ ਨਾ ਪੈਣ ਦੇਂਦੇ। ਕਈ ਵਾਰ ਹਨੇਰੇ ਵਿਚ ਠੇਡੇ ਵੀ ਖਾਂਦੇ। ਸਿੱਖ ਇਤਿਹਾਸ ਵਿਚ ਐਸੀ ਹੀ ਇਕ ਘਟਨਾ ਦਾ ਜ਼ਿਕਰ ਆਉਂਦਾ ਹੈ ਕਿ ਹਨੇਰੀ ਸਿਆਲ ਦੀ ਰਾਤ ਵਰ੍ਹਦੇ ਮੀਂਹ ਵਿਚ ਭਰੀ ਗਾਗਰ ਲਿਆਉਂਦੇ ਹੋਏ ਖਡੂਰ ਦੇ ਜੁਲਾਹਿਆਂ ਦੀ ਖੱਡੀ ਵਿਚ ਠੇਡਾ ਖਾ ਕੇ ਡਿਗ ਪਏ। ਖੜਾਕ ਸੁਣਕੇ ਜਦੋਂ ਜੁਲਾਹੇ ਨੇ ਖੜਾਕ ਦਾ ਕਾਰਨ ਆਪਣੀ ਵਹੁਟੀ ਕੋਲੋਂ ਪੁੱਛਿਆ ਤਾਂ ਜੁਲਾਹੀ ਨੇ ਆਖਿਆ ਕਿ ਉਹ ਨਿਥਾਵਾਂ ਅਮਰੂ ਹੋਵੇਗਾ। ਗੁਰੂ ਅਤੇ ਖਲਕਤ ਦੀ ਸੇਵਾ ਲਈ ਕਰੜੀ ਘਾਲ, ਅਤਿ ਵਿਨੰਮ੍ਰਤਾ, ਗੁਰੂ ਦੇ ਬਚਨਾਂ ਵਿਚ ਅਤੁੱਟ ਵਿਸ਼ਵਾਸ਼, ਲੋਕਾਂ ਦੇ ਮੇਹਣੇ-ਮਖ਼ੌਲ ਵਲੋਂ ਲਾਪਰਵਾਹੀ, ਸ਼ੀਤਲ ਸੁਭਾਉ ਇਹਨਾਂ ਗੁਣਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਯਕੀਨ ਕਰਾ ਦਿੱਤਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੌਂਪੀ ਜ਼ਿੰਮੇਵਾਰੀ ਦਾ ਭਾਰ ਗੁਰੂ ਅਮਰਦਾਸ ਜੀ ਹੀ ਚੁੱਕ ਸਕਦੇ ਹਨ। ਜਨਵਰੀ 1552 ਨੂੰ ਸਾਰੀ ਸੰਗਤ ਦੇ ਸਾਹਮਣੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰੂ ਥਾਪ ਦਿੱਤਾ ਅਤੇ ਬਚਨ ਕੀਤਾ ਕਿ ਗੁਰੂ ਅਮਰਦਾਸ ਜੀ ਨਿਥਾਵਿਆਂ ਦੀ ਥਾਂ ਅਤੇ ਨਿਆਸਰਿਆਂ ਦਾ ਆਸਰਾ ਹਨ।

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਖਡੂਰ ਦੀ ਥਾਂ ਗੋਇੰਦਵਾਲ ਬਣਾਇਆ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪੂਰਨਿਆਂ ਤੇ ਤੁਰਦੇ ਹੋਏ ਗਰੀਬ ਅਤੇ ਨੀਵੀਂ ਜਾਤਿ ਵਾਲਿਆਂ ਤੇ ਹੋ ਰਹੀ ਵਧੀਕੀ ਦੂਰ ਕਰਨ ਲਈ ਇਕ ਨਵਾਂ ਕਦਮ ਚੁਕਿਆ। ਆਪ ਜੀ ਨੇ ਹੁਕਮ ਦਿੱਤਾ ਕਿ ਦੀਵਾਨ ਵਿਚ ਸਿਰਫ ਉਹਨਾਂ ਲੋਕਾਂ ਨੂੰ ਬੈਠਨ ਦੀ ਆਗਿਆ ਮਿਲੇਗੀ ਜੋ ਗੁਰੂ ਕੇ ਲੰਗਰ ਵਿਚ ਸਾਰਿਆਂ ਨਾਲ ਰਲ ਕੇ ਇਕ ਪੰਗਤ ਵਿਚ ਬੈਠ ਕੇ ਪਰਸ਼ਾਦ ਛਕਣਗੇ। 'ਪਹਿਲਾਂ ਪੰਗਤ ਪਾਛੇ ਸੰਗਤ' ਦਾ ਨਿਯਮ ਬਣਾਕੇ ਸੰਗਤ ਅਤੇ ਲੰਗਰ ਦੀ ਡੂੰਘੀ ਸਾਂਝ ਪੈਦਾ ਕਰ ਦਿੱਤੀ। 1559 ਵਿਚ ਜਦੋਂ ਗੋਂਦੇ ਅਤੇ ਉਸ ਦੇ ਸਾਥੀਆਂ ਨੇ ਸਾਂਝੇ ਖੂਹ ਤੋਂ ਪਾਣੀ ਲੈਣ ਵਾਲੇ ਗਰੀਬਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਤਾਂ ਗੁਰੂ ਜੀ ਨੇ ਮਨੁੱਖੀ ਏਕਤਾ ਅਤੇ ਭਾਈਚਾਰੇ ਦੇ ਸਿਧਾਂਤ ਨੂੰ ਅਮਲੀ ਰੂਪ ਦੇਣ ਲਈ ਗੋਇੰਦਵਾਲ ਵਿਖੇ ਬਾਉਲੀ ਬਣਵਾਈ ਜਿਸ ਵਿਚ ਇਸ਼ਨਾਨ ਕਰਨ ਦੀ ਸਾਰਿਆਂ ਨੂੰ ਖੁੱਲ੍ਹ ਸੀ। ਬਾਉਲੀ ਸਾਹਿਬ ਨੂੰ ਇਕ ਤੀਰਥ ਦੀ ਮਹਾਨਤਾ ਮਿਲ ਗਈ। ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ 22 ਮੰਜੀਆਂ ਥਾਪੀਆਂ। 22 ਗੁਰਸਿੱਖ ਪ੍ਰਚਾਰਕ ਨੀਅਤ ਕੀਤੇ। ਗੁਰੂ ਸਾਹਿਬ ਨੇ ਇਸਤ੍ਰੀ ਜਾਤਿ ਨੂੰ ਸਮਾਨਤਾ ਦਾ ਦਰਜਾ ਦੇਣ ਲਈ ਪਰਦੇ ਦੀ ਪ੍ਰਥਾ ਨੂੰ ਖਤਮ ਕਰਨ ਦਾ ਜਤਨ ਕੀਤਾ। ਗੁਰੂ ਜੀ ਦੇ ਦਰਬਾਰ ਵਿਚ ਇਸਤ੍ਰੀ ਨੂੰ ਪਰਦਾ ਕਰਨ ਦੀ ਮਨਾਹੀ ਸੀ। ਇਸਤ੍ਰੀ ਵੀ ਮਰਦ ਵਾਂਗ ਸੰਗਤ ਵਿਚ ਆਜ਼ਾਦੀ ਨਾਲ ਵਿਚਰ ਕੇ ਸੇਵਾ ਆਦਿਕ ਕਰ ਸਕਦੀ ਸੀ। ਇਹੀ ਨਹੀਂ ਗੁਰੂ ਜੀ ਨੇ ਸਤੀ ਪ੍ਰਥਾ ਦੇ ਵਿਰੁੱਧ ਵੀ ਆਵਾਜ਼ ਉਠਾਈ। ਉਸ ਸਮੇਂ ਇਸਤ੍ਰੀ ਦੀ ਮਰਜ਼ੀ ਦੇ ਖਿਲਾਫ ਉਸ ਨੂੰ ਪਤੀ ਦੇ ਮਰਨ ਤੇ ਜਬਰਦਸਤੀ ਪਤੀ ਦੇ ਨਾਲ ਸੜਨ

ਲਈ ਮਜ਼ਬੂਰ ਕੀਤਾ ਜਾਂਦਾ ਸੀ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਅਤੇ ਸਮਝਾਇਆ ਕਿ ਉਨ੍ਹਾਂ ਇਸਤ੍ਰੀਆਂ ਨੂੰ ਸਤੀ ਨਹੀਂ ਆਖਣਾ ਚਾਹੀਦਾ ਜੋ ਪਤੀ ਦੀ ਦੇਹ ਨਾਲ ਸੜ ਮਰਦੀਆਂ ਹਨ। ਜੋ ਸੀਲ ਸੰਤੋਖ ਵਿਚ ਰਹਿਣ ਉਹਨਾਂ ਨੂੰ ਸਤੀ ਹੋ ਗਈਆਂ ਸਮਝਣਾ ਚਾਹੀਦਾ ਹੈ—

**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥**
**ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥**
**ਭੀ ਸੋ ਸਤੀਆ ਜਾਣਅਨਿ ਸੀਲ ਸੰਤੋਖਿ ਰਹੰਨ੍ਹਿ॥**
**ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨ੍ਹਿ॥** (ਅੰਗ ੭੮੭)

ਸ੍ਰੀ ਗੁਰੂ ਅਮਰਦਾਸ ਜੀ ਨੇ 17 ਰਾਗਾਂ ਵਿਚ ਬਾਣੀ ਲਿਖੀ ਜਿਸ ਵਿਚ ਦਿੱਤੇ ਗਏ ਉਪਦੇਸ਼ ਸਾਡੇ ਰੋਜ਼ਾਨਾ ਦੇ ਜੀਵਨ ਦੇ ਬਹੁਤ ਨੇੜੇ ਹਨ ਅਤੇ ਗੁਰਸਿੱਖ ਦੇ ਕਈ ਸ਼ੰਕਿਆਂ ਦਾ ਸਮਾਧਾਨ ਕਰ ਕੇ ਗੁਰਮਤਿ ਅਨੁਸਾਰ ਜੀਵਨ-ਜਾਚ ਬਣਾਉਣ ਲਈ ਪ੍ਰੇਰਦੇ ਹਨ।

ਗੁਰੂ ਸਾਹਿਬ ਆਪਣੀ ਬਾਣੀ ਰਾਹੀਂ ਬਾਰ ਬਾਰ ਦ੍ਰਿੜ੍ਹ ਕਰਵਾਉਂਦੇ ਹਨ ਕਿ ਗੁਰੂ ਦੀ ਸ਼ਰਣ ਤੋਂ ਬਿਨਾਂ ਪ੍ਰਭੂ ਦਾ ਦਰ ਨਹੀਂ ਲੱਭਦਾ, ਅਕਾਲ ਪੁਰਖ ਦਾ ਨਾਮ ਪ੍ਰਾਪਤ ਨਹੀਂ ਹੁੰਦਾ ਕਿਉਂਕਿ ਬਿਨਾਂ ਗੁਰਮਤਿ ਤੇ ਤੁਰਿਆਂ ਮਨ ਪਵਿੱਤ੍ਰ ਨਹੀਂ ਹੁੰਦਾ, ਨਾ ਹੀ ਸਹਿਜ ਅਵਸਥਾ ਬਣਦੀ ਹੈ-

**ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ॥**
**ਐਸਾ ਸਤਿਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ॥** (ਅੰਗ ੩੦)

ਜਿਸ ਮਨੁੱਖ ਦੇ ਹਿਰਦੇ ਵਿਚ ਗੁਰਬਾਣੀ ਵੱਸ ਜਾਂਦੀ ਹੈ, ਉਹ ਨਾਮ ਪ੍ਰਾਪਤੀ ਦੇ ਮਾਰਗ ਤੇ ਤੁਰ ਪੈਂਦਾ ਹੈ।

ਕਾਮ, ਕ੍ਰੋਧ, ਲੋਭ ਆਦਿਕ ਵਿਕਾਰਾਂ ਨਾਲ ਮੈਲੇ ਹੋਏ ਅਤੇ ਦੋਫਾੜ ਹੋਏ ਦੁਵਿਧਾਗ੍ਰਸਤ ਮਨ ਨਾਲ ਸਿਮਰਨ ਨਹੀਂ ਕੀਤਾ ਜਾ ਸਕਦਾ -

**ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥** (ਅੰਗ ੩੯)

ਆਪ ਜੀ ਸਮਝਾਉਂਦੇ ਹਨ ਕਿ ਇਸ ਮਨ ਦੀ ਮੈਲ ਇਸ ਤਰ੍ਹਾਂ ਉਤਰਦੀ ਹੈ ਕਿ ਮਨ ਦੀ ਹਉਮੈ ਗੁਰ ਸ਼ਬਦ ਨਾਲ ਧੋਤੀ ਜਾਏ-

**ਨਾਨਕ ਇਸੁ ਮਨ ਕੀ ਮਲੁ ਇਉ ਉਤਰੈ ਹਉਮੈ ਸਬਦਿ ਜਲਾਇ॥**
(ਅੰਗ ੬੫੦)

ਸਚਿਆਰ ਪ੍ਰਭੂ ਨਾਲ ਮਿਲਣ ਲਈ ਸਚਿਆਰਾ ਹੋਣਾ ਜ਼ਰੂਰੀ ਹੈ-

**ਐਥੈ ਸਾਚੇ ਸੁ ਆਗੈ ਸਾਚੇ॥ ਮਨੁ ਸਚਾ ਸਚੈ ਸਬਦਿ ਰਾਚੇ॥**
**ਸਚਾ ਸੇਵਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ॥** (ਅੰਗ ੧੧੬)

ਆਪਾ-ਭਾਵਾ ਤਿਆਗ ਕੇ, ਗ਼ਰੀਬੀ ਵਾਲਾ ਸੁਭਾਉ ਬਣਾ ਕੇ, ਮਨ ਦੀਆਂ ਦੌੜਾਂ ਨੂੰ ਮਿਟਾ ਕੇ, ਪਰਮਾਤਮਾ ਦੀ ਸ਼ਰਣ ਲੈ ਕੇ ਪ੍ਰਭੂ ਦੀ ਰਜ਼ਾ ਵਿਚ ਰਹਿਣ ਨਾਲ ਹੀ ਪ੍ਰਭੂ ਦਰ ਤੇ ਸਤਿਕਾਰ ਪ੍ਰਾਪਤ ਹੁੰਦਾ ਹੈ-

**ਸਤਿਗੁਰ ਅਗੈ ਢਹਿ ਪਉ ਸਭੁ ਕਿਛੁ ਜਾਣੈ ਜਾਣੁ॥**
**ਆਸਾ ਮਨਸਾ ਜਲਾਇ ਤੂ ਹੋਇ ਰਹੁ ਮਿਹਮਾਣੁ॥**
**ਸਤਿਗੁਰ ਕੈ ਭਾਣੈ ਭੀ ਚਲਹਿ ਤਾ ਦਰਗਹ ਪਾਵਹਿ ਮਾਣੁ॥** (੬੪੬)

ਸੱਚੀ ਭਗਤੀ ਉਹੀ ਹੈ ਜਿਸ ਵਿਚ ਪ੍ਰਭੂ ਹਮੇਸ਼ਾ ਯਾਦ ਰਹੇ-

**ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ॥** (ਅੰਗ ੩੫)

ਪਰਮਾਤਮਾ ਦਾ ਨਾਮ ਹੀ ਅਸਲ ਖਜਾਨਾ ਹੈ ਜੋ ਮਨੁੱਖ ਦੇ ਨਾਲ ਜਾਂਦਾ ਹੈ ਭਾਵ ਨਾਮ ਦੀ ਬਰਕਤਿ ਨਾਲ ਹੀ ਅੰਦਰ ਗੁਣ ਪੈਦਾ ਹੁੰਦੇ ਹਨ, ਆਚਰਨ ਉੱਚਾ ਹੁੰਦਾ ਹੈ। ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਸ ਨੂੰ ਉਹੋ ਜਿਹਾ ਫਲ ਮਿਲਦਾ ਹੈ। ਹੋਰ ਕੋਈ ਧਨ ਜਾਂ ਖਜ਼ਾਨਾ ਮਨੁੱਖ ਦੀ ਇਸ ਤਰ੍ਹਾਂ ਸਹਾਇਤਾ ਨਹੀਂ ਕਰ ਸਕਦਾ ਭਾਵੇਂ ਉਸ ਕੋਲ ਲੱਖਾਂ ਕਰੋੜਾਂ ਦੀ ਜਾਇਦਾਦ ਹੋਵੇ— **ਇਸੁ ਜਗ ਮਹਿ ਨਾਮੁ ਨਿਧਾਨੁ ਹੈ ਨਾਮੋ ਨਾਲਿ ਚਲੈ॥** (੧੦੯੧)

ਇਸ ਲਈ ਸੁਆਰਥ ਵਸ ਝੂਠੀ ਮਾਨ ਪ੍ਰਤਿਸ਼ਠਾ ਲਈ, ਧਨ ਪ੍ਰਾਪਤੀ ਲਈ ਦੁਨੀਆ ਦੀਆਂ ਵਡਿਆਈਆਂ, ਦੁਨੀਆ ਦੇ ਲੋਕਾਂ ਦੀਆਂ ਖੁਸ਼ਾਮਦਾਂ ਕਰਨੀਆਂ ਛੱਡ ਦੇ ਅਕਾਲ ਪੁਰਖ ਦੀ ਸਿਫਤਿ ਸਾਲਾਹ ਅਤੇ ਸਿਮਰਨ ਕਰਨਾ ਚਾਹੀਦਾ ਹੈ:—

**ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ॥**
**ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ॥**
**ਵਾਹੁ ਮੇਰੇ ਸਾਹਿਬਾ ਵਾਹੁ॥**
**ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ॥** (ਅੰਗ ੭੫੫)

ਨਸ਼ਿਆਂ ਦੇ ਸ਼ਿਕਾਰ ਹੋਏ ਜੀਵਾਂ ਨੂੰ ਤਾੜਨਾ ਕਰਦੇ ਹੋਏ ਗੁਰੂ ਜੀ ਸਮਝਾਉਂਦੇ ਹਨ ਕਿ ਜਿਸ ਦੇ ਪੀਣ ਨਾਲ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ, ਆਪਣੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ ਅਤੇ ਪਰਮਾਤਮਾ ਵਿਸਰ ਜਾਂਦਾ ਹੈ ਐਸੇ ਝੂਠੇ ਮਦ (ਨਸ਼ੇ) ਸ਼ਰਾਬ ਆਦਿਕ ਦਾ ਸੇਵਨ ਨਹੀਂ ਕਰਨਾ ਚਾਹੀਦਾ—

**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥**
**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥** (ਅੰਗ ੫੫੪)

ਮਨੁੱਖ ਨੂੰ ਨਾਮ ਰੂਪ ਨਸ਼ਾ ਕਰਨਾ ਚਾਹੀਦਾ ਹੈ। ਇਹ ਉਸਨੂੰ ਪ੍ਰਾਪਤ ਹੁੰਦਾ ਹੈ ਜਿਸ ਤੇ ਪ੍ਰਭੂ ਦੀ ਕਿਰਪਾ ਹੁੰਦੀ ਹੈ-

**ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥**
**ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ॥** (ਅੰਗ ੫੫੪)

ਅੱਜ ਸਰੀਰ ਨੂੰ ਸ਼ਿੰਗਾਰਨ ਦਾ ਪ੍ਰਚਲਨ ਵਧਦਾ ਜਾ ਰਿਹਾ ਹੈ। ਸ਼ਰੀਰ ਤੇ ਕੀਤਾ ਗਿਆ ਸ਼ਿੰਗਾਰ ਵੀ ਥੋੜੀ ਦੇਰ ਬਾਦ ਆਪਣੀ ਚਮਕ ਗਵਾ ਬਹਿੰਦਾ ਹੈ। ਗੁਰੂ ਜੀ ਅਨੁਸਾਰ ਜੀਵਾਤਮਾ ਨੂੰ ਦਇਆ ਧਰਮ ਸੰਤੋਖ ਆਦਿਕ ਗੁਣਾਂ ਦਾ ਸ਼ਿੰਗਾਰ ਕਰਨਾ ਚਾਹੀਦਾ ਹੈ ਤਾਂਕਿ ਪ੍ਰਭੂ ਦਾ ਨਾਮ ਮਨ ਵਿਚ ਵੱਸ ਜਾਏ। ਗੁਰ-ਵਾਕ ਹਨ—

**ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ ਹਾਰੁ॥**
**ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨੁ ਵੀਚਾਰੁ॥** (ਅੰਗ ੪੨੬)

ਮਨ ਦੇ ਪਿੱਛੇ ਤੁਰਨਾ ਛੱਡ ਕੇ ਗੁਰ ਸ਼ਬਦ ਦਾ ਆਸਰਾ ਲੈਣਾ ਹੀ ਐਸਾ ਸ਼ਿੰਗਾਰ ਕਰਨਾ ਹੈ-

**ਦੇਹੀ ਨੋ ਸਬਦੁ ਸੀਗਾਰੁ ਹੈ ਜਿਤੁ ਸਦਾ ਸਦਾ ਸੁਖੁ ਹੋਇ॥** (ਅੰਗ ੧੦੬੨)

ਆਪਣੇ ਜੀਵਨ ਨੂੰ ਸਫ਼ਲ ਕਰਨ ਲਈ ਗੁਰੂ ਸਾਹਿਬ ਦੇ ਇਸ ਉਪਦੇਸ਼ ਨੂੰ ਸਦਾ ਯਾਦ ਰਖਣਾ ਚਾਹੀਦਾ ਹੈ, ਗੁਰੂ ਜੀ ਸਮਝਾ ਰਹੇ ਹਨ ਕਿ ਗੁਰੂ ਦੇ ਦਰ ਤੇ ਜਾ ਕੇ ਅਕਾਲ ਪੁਰਖ ਨੂੰ ਯਾਦ ਕਰੋ। ਅਕਾਲ ਪੁਰਖ ਸਦਾ ਅੰਗ-ਸੰਗ ਹੈ। ਅੱਖਾਂ ਅਗੋਂ ਭਰਮ ਦਾ ਪਰਦਾ ਲਾਹ ਕੇ ਹਿਰਦੇ ਵਿਚ ਪਰਮਾਤਮਾ ਦੀ ਜੋਤਿ ਨੂੰ ਟਿਕਾਓ। ਹਰੀ ਦਾ ਨਾਮ ਅਮਰ ਕਰਨ ਵਾਲਾ ਹੈ, ਇਹ ਦਾਰੂ ਵਰਤੋ। ਸਤਿਗੁਰੂ ਦਾ ਭਾਣਾ ਮੰਨਣਾ ਯਾਦ ਰੱਖੋ ਤੇ ਸਦਾ ਪਿਆਰ ਰੂਪ ਰਹਿਣੀ ਧਾਰਨ ਕਰੋ। ਇਸ ਤਰ੍ਹਾਂ ਲੋਕ ਤੇ ਪਰਲੋਕ ਸੁਹੇਲੇ ਹੋ ਜਾਣਗੇ।

ਜਿੰਨਾਂ ਮਨੁੱਖਾਂ ਨੇ ਗੁਰੂ ਅਮਰਦਾਸ ਜੀ ਨੂੰ ਸੇਵਿਆ ਹੈ ਉਹਨਾਂ ਦੇ ਸਾਰੇ ਦੁੱਖ ਦੂਰ ਹੋ ਗਏ ਹਨ—

**ਗੁਰੁ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ॥**
**(ਭੱਟ ਕੀਰਤ, ਅੰਗ ੧੩੯੫)**

✧ ✧ ✧ ✧ ✧


# ਪਦਮਸ੍ਰੀ ਕੀਰਤਨਕਾਰ

# ਭਾਈ ਨਿਰਮਲ ਸਿੰਘ ਖ਼ਾਲਸਾ

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਨੇ ਆਦਿ ਗ੍ਰੰਥ 'ਚ ਦਰਜ ਬਾਣੀ ਦਾ ਸੰਕਲਨ ਰਾਗ ਤਰਤੀਬ 'ਚ ਕੀਤਾ ਤੇ ਬਾਣੀ ਰਾਗਾਂ 'ਚ ਗਾਉਣ ਦੀ ਹਿਦਾਇਤ ਕੀਤੀ। ਪ੍ਰਸਿੱਧ ਰਬਾਬੀ ਗੁਰੂ ਦਰਬਾਰ 'ਚ ਬਾਣੀ ਦਾ ਰਾਗਬੱਧ ਕੀਰਤਨ ਕਰਦੇ ਤੇ ਗੁਰੂ ਸਾਹਿਬ ਦੀ ਪ੍ਰਸੰਨਤਾ ਹਾਸਲ ਕਰਦੇ। ਬਾਣੀ ਨੂੰ ਸੰਗੀਤ 'ਚ ਗਾਉਣ ਦੀ ਪਰੰਪਰਾ ਤੋਂ ਹੀ ਗੁਰਮਤਿ ਸੰਗੀਤ ਪਰੰਪਰਾ ਦਾ ਮੁੱਢ ਬੱਝਾ ਤੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਸਾਹਿਬ ਦੇ ਨਾਲ ਤਾਉਮਰ ਗੁਜ਼ਾਰਨ ਵਾਲੇ ਭਾਈ ਮਰਦਾਨਾ ਇਸਦੇ ਮੁਢਲੇ ਰਾਗੀ-ਰਬਾਬੀ ਸਦਵਾਏ।

ਗੁਰੂ ਅਰਜਨ ਸਾਹਿਬ ਦੇ ਸਮੇਂ ਕੀਰਤਨ ਦੀ ਬਖ਼ਸ਼ਿਸ਼ ਗੁਰਸਿੱਖਾਂ ਤੇ ਹੋਈ ਤੇ ਉਹਨਾਂ ਰਬਾਬੀਆਂ ਦੇ ਨਾਲ ਹੀ ਕੀਰਤਨ 'ਚ ਯੋਗਦਾਨ ਪਾਉਣਾ ਸ਼ੁਰੂ ਕੀਤਾ। ਮੌਜੂਦਾ ਦੌਰ 'ਚ ਪੰਥ 'ਚ ਅਨੇਕਾਂ ਕੀਰਤਨਕਾਰ ਕੀਰਤਨ ਦੀ ਸੇਵਾ ਨਿਬਾਹੁੰਦੇ ਹਨ ਪਰ ਗੁਰਮਤਿ ਸੰਗੀਤ ਪਰੰਪਰਾ ਅਨੁਸਾਰ ਕੀਰਤਨ ਦੀ ਸੇਵਾ ਨਿਬਾਹੁਣ ਵਾਲੇ ਵਿਰਲੇ ਹਨ। ਇਹਨਾਂ ਵਿਰਲਿਆਂ 'ਚ ਨਾਂ ਆਉਂਦਾ ਹੈ ਭਾਈ ਨਿਰਮਲ ਸਿੰਘ ਖਾਲਸਾ ਦਾ ਜਿਹਨਾਂ ਉਮਰ ਦੇ ਤਕਰੀਬਨ ਪੰਜ ਦਹਾਕੇ ਦੇਸ਼ਾਂ-ਵਿਦੇਸ਼ਾਂ 'ਚ ਕੀਰਤਨ ਦੀ ਸੇਵਾ ਨਿਭਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਨਿਰਮਲ ਸਿੰਘ ਖ਼ਾਲਸਾ ਦਾ ਜਨਮ ਪਿਤਾ ਚੰਨਣ ਸਿੰਘ ਗਿਆਨੀ ਦੇ ਗ੍ਰਹਿ ਵਿਖੇ ਮਾਤਾ ਗੁਰਦੇਵ ਕੌਰ ਦੀ ਕੁਖੋਂ 12 ਅਪ੍ਰੈਲ, 1952 ਨੂੰ ਨਾਨਕੇ ਪਿੰਡ ਜੰਡਵਾਲਾ ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਹੋਇਆ। ਪਰਿਵਾਰ ਵਾਹੀ-ਖੇਤੀ ਕਰਕੇ ਗੁਜ਼ਾਰਾ ਕਰਦਾ ਸੀ ਤੇ ਨਿਰਮਲ ਸਿੰਘ ਵੀ ਮੁਢਲੇ ਵਰ੍ਹਿਆਂ 'ਚ ਪਿਤਾ ਨਾਲ ਖੇਤੀ 'ਚ ਹੱਥ ਵਟਾਉਂਦੇ ਰਹੇ ਪਰ ਧੁਰ ਦਰਗਾਹੋਂ ਮਿਲੀ ਦਾਤ ਕਿਵੇਂ ਛਿਪੀ ਰਹਿੰਦੀ। ਨਿਰਮਲ ਸਿੰਘ ਖੇਤਾਂ 'ਚ ਕੰਮ ਕਰਦੇ ਤੇ ਨਾਲੋ ਨਾਲ ਹਮੇਸ਼ਾ ਕੁਝ ਗਾਉਂਦੇ-ਗੁਣਗੁਣਾਉਂਦੇ ਰਹਿੰਦੇ। ਗਾਉਣ ਦਾ ਉਹਨਾਂ ਨੂੰ ਮੁੱਢ ਕਦੀਮੀ ਸ਼ੌਕ ਸੀ। ਮੁੱਖ ਗੱਲ ਤਾਂ ਇਹ ਜਦ ਉਹ ਕੰਮ ਕਰਦਿਆਂ ਗਾਉਣ ਲਗਦੇ ਤਾਂ ਉਹਨਾਂ ਦਾ ਚਿਤ ਗਾਉਣ 'ਚ ਇੰਨਾ ਮਸਤ ਹੋ ਜਾਂਦਾ ਕਿ ਕਦੇ ਕਦੇ ਕੰਮ ਪਛੜ ਜਾਂਦਾ। ਪਿਤਾ ਨੇ ਬਾਲ ਨਿਰਮਲ ਦੀ ਇਸ ਰੁਚੀ ਨੂੰ ਭਾਂਪ ਲਿਆ ਤੇ ਅਖ਼ੀਰ ਉਹਨਾਂ ਫ਼ੈਸਲਾ ਕੀਤਾ ਕਿ ਨਿਰਮਲ ਨੂੰ ਉਹਦੀ ਰੁਚੀ ਦੇ ਖੇਤਰ 'ਚ ਹੀ ਅਗਾਂਹ ਤੋਰਿਆ ਜਾਏ। ਪਿਤਾ ਗੁਰੂ ਘਰ ਦੇ ਸ਼ਰਧਾਲੂ ਸਨ ਤੇ ਉਹਨਾਂ ਸੋਚਿਆ ਨਿਰਮਲ ਸਿੰਘ ਨੂੰ ਕੀਰਤਨ ਦੀ ਸਿੱਖਿਆ ਦਿਵਾਈ ਜਾਏ। ਉਹ ਨਿਰਮਲ ਨੂੰ ਲੈ ਕੇ ਅੰਮ੍ਰਿਤਸਰ ਪੁੱਜੇ ਤੇ ਇਥੇ ਦਰਬਾਰ ਸਾਹਿਬ ਦੇ ਦਰਸ਼ਨਾਂ ਮਗਰੋਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਪਹੁੰਚ ਗੁਰਮਤਿ ਸੰਗੀਤ ਆਚਾਰੀਆ ਪ੍ਰੋ. ਅਵਤਾਰ ਸਿੰਘ ਨੂੰ ਮਿਲੇ ਤੇ ਬੱਚੇ ਦੀ ਸੰਗੀਤ ਪ੍ਰਤੀ ਰੁਚੀ ਬਾਬਤ ਗੱਲ ਸਾਂਝੀ ਕੀਤੀ। ਪ੍ਰੋ. ਅਵਤਾਰ ਸਿੰਘ ਨੇ ਬਾਲਕ ਨਿਰਮਲ (ਜੋ ਹੁਣ ਜਵਾਨੀ 'ਚ ਪ੍ਰਵੇਸ਼ ਕਰ ਚੁੱਕੇ ਸਨ) ਨੂੰ ਉਹਨਾਂ ਦੀ ਰੁਚੀ ਵੇਖ ਕੇ ਗੁਰਬਾਣੀ ਸੰਗੀਤ ਦੀ ਸਿੱਖਿਆ ਦੇਣੀ ਆਰੰਭ ਕੀਤੀ। ਛੇਤੀ ਹੀ ਆਪ ਨੇ ਰਾਗਾਂ ਦੀ ਪਛਾਣ ਪਾ ਲਈ, ਮਾਨੋ ਕੁਦਰਤੀ ਫੁਟਦੇ ਸੰਗੀਤ ਨੂੰ ਜਿਵੇਂ ਰਾਗ ਨੇ ਤਰਾਸ਼ ਲਿਆ। ਆਪ ਨੇ ਸ਼ਬਦਾਂ ਨੂੰ ਉਹਨਾਂ ਤੇ ਦਰਜ ਰਾਗਾਂ ਤੇ ਰਾਗਬੱਧ ਕਰਨਾ ਸ਼ੁਰੂ ਕਰ ਦਿੱਤਾ। ਆਪ ਉਸ ਵੇਲੇ



ਰਾਗੀ ਭਾਈ ਗੁਰਮੇਜ ਸਿੰਘ ਨਾਲ ਦਰਬਾਰ ਸਾਹਿਬ ਵਿਖੇ ਸਹਾਇਕ ਰਾਗੀ ਵਜੋਂ ਸੇਵਾ ਨਿਭਾਉਣ ਲੱਗੇ। ਕੀਰਤਨ 'ਚ ਹੋਰ ਪਰਪੱਕਤਾ ਹਾਸਲ ਹੋਣ ਉਪਰੰਤ ਆਪ ਨੇ ਆਪਣਾ ਜਥਾ ਬਣਾ ਲਿਆ ਅਤੇ ਅੰਮ੍ਰਿਤਸਰ ਤੋਂ ਇਲਾਵਾ ਹੋਰ ਥਾਵਾਂ ਤੇ ਵੀ ਕੀਰਤਨ ਦੀ ਸੇਵਾ ਨਿਭਾਉਣੀ ਸ਼ੁਰੂ ਕੀਤੀ।

ਭਾਈ ਨਿਰਮਲ ਸਿੰਘ ਦੇ ਕੀਰਤਨ ਦੀ ਖ਼ਾਸ ਗੱਲ ਸੀ ਕਿ ਆਪ ਨੇ ਕਈ ਪੁਰਾਤਨ ਬੰਦਸ਼ਾਂ ਤੇ ਰੀਤਾਂ ਨੂੰ ਮੁੜ ਸੁਰਜੀਤ ਕੀਤਾ। ਆਪ ਜਦ ਕੀਰਤਨ ਕਰਨ ਬੈਠਦੇ ਤਾਂ ਪ੍ਰਸਤੁਤ ਰਾਗ ਦੀਆਂ ਸੂਰ-ਲਹਿਰੀਆਂ 'ਚੋਂ ਇਕ ਮਾਹੌਲ ਕਾਇਮ ਹੋ ਜਾਂਦਾ, ਸਰੋਤੇ ਉਸ ਸੂਰ ਦੇ ਆਭਾ-ਮੰਡਲ ਦਾ ਹਿੱਸਾ ਹੋ ਜਾਂਦੇ। ਸੂਰ-ਲਹਿਰੀਆਂ ਦੇ ਇਸ ਮਾਹੌਲ 'ਚ ਸ਼ਬਦ ਦੀ ਆਮਦ ਹੁੰਦੀ ਤੇ ਸ਼ਬਦ ਦਾ ਅੱਖਰ-ਅੱਖਰ ਸਰੋਤਿਆਂ ਦੇ ਜ਼ਿਹਨ 'ਚ ਉਤਰਦਾ ਚਲਾ ਜਾਂਦਾ। ਸਰੋਤੇ ਅਚੇਤ ਹੀ ਇਸ ਦੈਵੀ ਸੰਗੀਤ ਦੇ ਕੰਪਨ 'ਚ ਲਰਜ਼ਦੇ ਚਲੇ ਜਾਂਦੇ। ਭਾਈ ਨਿਰਮਲ ਸਿੰਘ ਪਹਿਲਾ ਸ਼ਬਦ ਗਾਇਨ ਕਰਦੇ, ਦੂਜਾ, ਫੇਰ ਤੀਜਾ ਤੇ ਮਾਹੌਲ ਨਿਰਵਿਘਨ ਉਸੇ ਤਰ੍ਹਾਂ ਦੈਦੀਪਯਮਾਨ ਰਹਿੰਦਾ। ਸ਼ਬਦ-ਸੰਗੀਤ 'ਚ ਗੁਆਚਿਆ ਸਰੋਤਾ ਭਾਵੇਂ ਰਾਗ ਦੀ ਸੂਖ਼ਮਤਾ ਦਾ ਬੋਧ ਨਾ ਵੀ ਰੱਖਦਾ ਹੋਵੇ, ਸ਼ਬਦ ਦੇ ਸੰਦੇਸ਼ ਨੂੰ ਗ੍ਰਹਿਣ ਕਰ ਰਿਹਾ ਹੁੰਦਾ। ਇਹੋ ਤੇ ਸਾਡੇ ਦੈਵੀ ਸੰਗੀਤ ਜਾਂ ਸ਼ਬਦ-ਕੀਰਤਨ ਦੀ ਪ੍ਰਾਪਤੀ ਹੈ ਕਿ ਉਹ ਮਨੁੱਖ ਨੂੰ ਇੰਦ੍ਰਿਆਵੀ ਪੱਧਰ ਤੋਂ ਉਪਰ ਚੱਕ ਕੇ ਇੰਦ੍ਰੀ-ਅਤੀਤਤਾ ਵਿਚ ਲੈ ਜਾਂਦਾ ਤੇ ਫਿਰ ਜਿਵੇਂ ਮਨੋਵੇਗਾਂ ਦਾ ਕੈਥਾਰਸਿਸ ਹੋ ਜਾਂਦਾ। ਕੀਰਤਨ ਸੁਣਨ ਗਿਆ ਸਰੋਤਾ ਹਲਕਾ ਫੁੱਲ

ਹੋ ਪਰਤਦਾ। ਉਸ ਕੋਲ ਸ਼ਬਦ ਹੁੰਦਾ, ਇਲਾਹੀ ਸੰਗੀਤ ਦੀਆਂ ਧੁਨਾਂ ਹੁੰਦੀਆਂ, ਸ਼ਬਦ-ਆਕਰਖਣ ਹੁੰਦਾ। ਉਸ ਨੂੰ ਪ੍ਰਤੀਤ ਹੁੰਦਾ, ਕੀਰਤਨ ਧੁਰੋਂ ਬਖ਼ਸ਼ੀ ਇਲਾਹੀ ਦਾਤ ਹੈ ਤੇ ਕੀਰਤਨਕਾਰ ਉਹ ਵਡਭਾਗਾ ਪੁਰਖ ਜਿਹੜਾ ਮਿਹਰਾਂ ਦੇ ਸਾਈਂ ਦੇ ਕਚਕੌਲ 'ਚੋਂ ਇਹ ਦਾਤ ਲੈ ਕੇ ਆਇਆ।

ਭਾਈ ਨਿਰਮਲ ਸਿੰਘ ਖਾਲਸਾ ਅਜਿਹੀ ਦਾਤ ਦੇ ਵਰੋਸਾਏ ਰੱਬੀ ਕੀਰਤਨੀਏ ਸਨ। ਗੁਰਮਤਿ ਸਟੇਜਾਂ ਤੋਂ ਇਲਾਵਾ ਆਕਾਸ਼ਵਾਣੀ, ਦੂਰਦਰਸ਼ਨ ਤੋਂ ਵੀ ਇਸ ਦਾਤ ਦਾ ਪ੍ਰਸਾਰਣ ਹੁੰਦਾ ਰਿਹਾ। ਰਾਜਨੀਤਕ ਗਲਿਆਰਿਆਂ 'ਚ ਜਦ ਇਸ ਇਲਾਹੀ ਦਾਤ ਦੀ ਕਨਸੋ ਪਹੁੰਚੀ ਤਾਂ ਫ਼ੈਸਲਾ ਹੋਇਆ, ਧੁਰ ਦੇ ਵਰੋਸਾਏ ਪਰੰਪਰਾ ਦੇ ਮੁਰੀਦ ਇਸ ਸ਼ਖ਼ਸੀਅਤ ਨੂੰ ਸਨਮਾਨਿਤ ਕਰਕੇ ਆਪਣਾ ਵੀ ਕੁਝ ਫ਼ਰਜ਼ ਅਦਾ ਕੀਤਾ ਜਾਏ। ਆਖ਼ਰ ਭਾਰਤ ਸਰਕਾਰ ਵਲੋਂ ਵਰ੍ਹਾ 2009 'ਚ ਤਤਕਾਲੀ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਵਲੋਂ ਪਦਮਸ੍ਰੀ ਐਵਾਰਡ ਨਾਲ ਆਪ ਨੂੰ ਸਨਮਾਨਿਤ ਕੀਤਾ ਗਿਆ। ਪਦਮਸ੍ਰੀ ਲੈਣ ਉਪਰੰਤ ਰਾਗੀ ਨਿਰਮਲ ਸਿੰਘ ਖ਼ਾਲਸਾ ਨੇ ਇਸ ਨੂੰ ਸਮੁੱਚੇ ਕੀਰਤਨਕਾਰਾਂ ਦਾ ਸਨਮਾਨ ਕਿਹਾ। ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਨੂੰ 'ਸ਼੍ਰੋਮਣੀ ਰਾਗੀ' ਵਜੋਂ ਅਤੇ ਭਾਸ਼ਾ ਵਿਭਾਗ, ਪੰਜਾਬ ਵੱਲੋਂ 'ਸ਼੍ਰੋਮਣੀ ਰਾਗੀ ਐਵਾਰਡ' ਨਾਲ ਨਿਵਾਜਿਆ ਗਿਆ। ਦਰਅਸਲ ਅਜਿਹੀਆਂ ਸ਼ਖ਼ਸੀਅਤਾਂ ਦੀ ਕਦੇ ਵੀ ਕੋਸ਼ਿਸ਼ ਨਹੀਂ ਹੁੰਦੀ ਕਿ ਉਹਨਾਂ ਨੂੰ ਕਿਸੇ ਤਰ੍ਹਾਂ ਕੋਈ ਸਨਮਾਨ ਮਿਲੇ, ਸਗੋਂ ਸਨਮਾਨ ਤਾਂ ਉਨ੍ਹਾ ਦੇ ਰਾਹਾਂ 'ਚ ਵਿਛੇ ਹੁੰਦੇ ਹਨ ਤੇ ਉਹਨਾਂ ਲਈ ਇਹ ਸਭ ਖੁਦਾ-ਕਰੀਮ ਦਾ ਫ਼ਜ਼ਲ ਹੁੰਦਾ ਹੈ। ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਜ਼ੂਰੀ ਰਾਗੀ ਵਜੋਂ ਲੰਮਾ ਸਮਾਂ ਸੇਵਾ ਨਿਭਾਉਣ ਵਾਲੇ ਭਾਈ ਨਿਰਮਲ ਸਿੰਘ ਖ਼ਾਲਸਾ ਨੇ ਇਨ੍ਹਾਂ ਸਭ ਸਨਮਾਨਾਂ ਨੂੰ ਗੁਰੂ ਰਾਮਦਾਸ ਜੀ ਦੀ ਬਖ਼ਸ਼ਿਸ਼ ਹੀ ਕਿਹਾ ਤੇ ਜਾਣਿਆ। ਹਮੇਸ਼ਾ ਸਨਮਾਨ ਲੈਣ ਦੀ ਦੌੜ 'ਚ ਰਹਿਣ ਵਾਲੇ ਵਿਅਕਤੀਆਂ ਨੂੰ ਅਜਿਹੀਆਂ ਸ਼ਖ਼ਸੀਅਤਾਂ ਤੋਂ ਅੱਜ ਸੇਧ ਲੈਣ ਦੀ ਲੋੜ ਹੈ।

ਸ਼ਬਦ-ਕੀਰਤਨ ਦੀ ਇਲਾਹੀ ਦਾਤ ਨੇ ਉਹਨਾਂ ਨੂੰ ਅੱਧੀ ਦੁਨੀਆ ਦਾ ਗੇੜਾ ਲੁਆਇਆ। ਹਰ ਥਾਂ ਰਾਗ ਗੂੰਜਿਆ, ਸ਼ਬਦ ਗੂੰਜਿਆ, ਸਰੋਤੇ ਸਰਸ਼ਾਰ ਹੁੰਦੇ ਰਹੇ। ਦੇਸ਼ਾਂ ਵਿਦੇਸ਼ਾਂ 'ਚ ਅਨੇਕਾਂ ਥਾਈਂ ਕੀਰਤਨ ਦੀ ਵਰਖਾ ਕਰਨ ਵਾਲੇ ਭਾਈ ਨਿਰਮਲ ਸਿੰਘ ਖਾਲਸਾ ਅਖ਼ੀਰ ਵੈਸ਼ਵਿਕ ਬਿਮਾਰੀ ਕੋਵਿਡ-19 ਦੇ ਪ੍ਰਭਾਵ ਤੋਂ ਵੀ ਅਛੂਤੇ ਨਾ ਕਹਿ ਸਕੇ। ਸਰਕਾਰੀ ਪ੍ਰਬੰਧ ਹੇਠ ਚਲਦੇ ਗੁਰੂ ਨਾਨਕ ਦੇਵ ਹਸਪਤਾਲ ਵਿਚ 2 ਅਪ੍ਰੈਲ ਤੜਕੇ 4 ਵਜੇ ਉਹਨਾਂ ਅੰਤਮ ਸ੍ਵਾਸ ਲਏ ਤੇ ਗੁਰਮਤਿ ਸੰਗੀਤ ਦਾ ਪਾਂਧੀ ਇਸ ਫ਼ਾਨੀ ਸੰਸਾਰ ਤੋਂ ਸਦਾ ਲਈ ਰੁਖ਼ਸਤ ਹੋ ਗਿਆ। ਵੇਰਕਾ ਸਮੇਤ ਕਈ ਪਿੰਡਾਂ ਦੇ ਸ਼ਮਸ਼ਾਨ ਘਾਟ ਇਸ ਪਵਿੱਤਰ ਰੂਹ ਦੀ ਦੇਹ ਨੂੰ ਆਪਣੇ 'ਚ ਸਮਾਉਣ ਤੋਂ ਇਨਕਾਰੀ ਹੋ ਬੈਠੇ। ਮਨੁੱਖਤਾ ਤੇ ਦੈਵੀ ਸੰਗੀਤ ਦੇ ਕਦਰਦਾਨ ਇਕ ਵਾਰ ਫਿਰ ਸ਼ਰਮਸਾਰ ਹੋਏ। ਆਖ਼ਰ ਉਹਨਾਂ ਦੇ ਪਿੰਡ ਦੀ ਸ਼ਾਮਲਾਟ ਜ਼ਮੀਨ ਵਿਚ ਉਹਨਾਂ ਦਾ ਸਸਕਾਰ ਹੋਇਆ ਜਿੱਥੇ ਹੁਣ ਉਹਨਾਂ ਦੇ ਨਾਂ ਤੇ ਯਾਦਗਾਰ ਬਣਾਉਣ ਦੀ ਗੱਲ ਚਲ ਰਹੀ ਹੈ। ਖ਼ਿਆਲ, ਟੱਪਾ, ਠੁਮਰੀ, ਦਾਦਰਾ, ਧਰੁਪਦ, ਧਮਾਰ ਆਦਿ ਗਾਇਨ ਸ਼ੈਲੀਆਂ ਦੀ ਮੁਹਾਰਤ ਰੱਖਣ ਵਾਲੇ ਨਿਰਮਲ ਸਿੰਘ ਖਾਲਸਾ ਨੇ **ਗੁਰਮਤਿ ਸੰਗੀਤ ਦੇ ਅਨਮੋਲ ਹੀਰੇ** ਅਤੇ **ਪ੍ਰਸਿੱਧ ਕੀਰਤਨਕਾਰ ਬੀਬੀਆਂ** ਪੁਸਤਕਾਂ ਸਿੱਖ ਪੰਥ ਤੇ ਸੰਗੀਤ ਪ੍ਰੇਮੀਆਂ ਦੀ ਨਦਰਿ ਕੀਤੀਆਂ। ਅੱਜ ਲੋੜ ਹੈ ਅਸੀਂ ਭਾਈ ਨਿਰਮਲ ਸਿੰਘ ਖਾਲਸਾ ਦੇ ਗੁਰਮਤਿ ਸੰਗੀਤ ਨੂੰ ਪਾਏ ਯੋਗਦਾਨ ਨੂੰ ਸਮਝੀਏ, ਵਾਚੀਏ ਤੇ ਉਸ ਤੋਂ ਸੇਧ ਲਈਏ। ਇਹੀ ਉਹਨਾਂ ਨੂੰ ਸਭ ਤੋਂ ਵੱਡੀ ਸ਼ਰਧਾਂਜਲੀ ਅਤੇ ਕਦਰਦਾਨੀ ਹੋਵੇਗੀ।

❖ **ਮਨਿੰਦਰ ਸਿੰਘ ਸੋਨੀ, 9891591206**

# ਦੁੱਖ ਸੁੱਖ

ਹੋਰ ਗਲਾਂ ਛੱਡ ਕੇ ਜੇ ਕਦੀ ਕੇਵਲ ਇਸ ਗਲ ਤੇ ਹੀ ਪਸ਼ਚਾਤਾਪ ਕੀਤਾ ਜਾਏ ਕਿ ਆਪਣੀ ਆਯੂ ਅਜਾਂਈਂ ਗਵਾਈ ਹੈ, ਤਦ ਇਸਦੇ ਵਾਸਤੇ ਪਸ਼ਚਾਤਾਪ ਦੀ ਬੜੀ ਲੋੜ ਹੈ, ਪਰ ਉਸ ਆਦਮੀ ਬਾਬਤ ਕੀ ਕਿਹਾ ਜਾਏ, ਜੋ ਆਪਣੇ ਪਿਛਲੇ ਸਮੇਂ ਵਾਂਗ ਅਗਲੀ ਆਯੂ ਵੀ ਵਿਅਰਥ ਗਵਾ ਰਿਹਾ ਹੈ।

ਇਕ ਆਦਮੀ ਪਾਸ ਅਣਮੋਲ ਮੋਤੀ ਹੈ, ਜੇ ਉਹ ਉਸਤੋਂ ਗੁਆਚ ਜਾਏ, ਤਦ ਉਹਦੀ ਉਹਨੂੰ ਬੜੀ ਚਿੰਤਾ ਹੋਵੇਗੀ, ਪਰ ਜੇ ਉਸਦੇ ਮੋਤੀ ਗੁਆਣ ਦੇ ਨਾਲ ਹੀ ਉਸਨੂੰ ਇਸ ਗਲ ਦਾ ਵੀ ਡਰ ਹੋਵੇ ਕਿ ਇਹ ਮੋਤੀ ਗੁਆਚਣ ਤੋਂ ਮੈਨੂੰ ਸਜ਼ਾ ਮਿਲੇਗੀ, ਤਦ ਉਹਦੀ ਚਿੰਤਾ ਤੇ ਫ਼ਿਕਰਾਂ ਦਾ ਕੋਈ ਹਿਸਾਬ ਨਹੀਂ ਰਹੇਗਾ।

ਆਯੂ ਦਾ ਹਰ ਇਕ ਸ੍ਵਾਸ ਇਕ ਮੋਤੀ ਹੈ, ਜੀਹਦੇ ਨਾਲ ਦੋਨਾਂ ਜਹਾਨਾਂ ਦੀ ਭਲਿਆਈ ਖਰੀਦੀ ਜਾ ਸਕਦੀ ਹੈ। ਜੇ ਕੋਈ ਆਦਮੀ ਇਨ੍ਹਾਂ ਸ੍ਵਾਸਾਂ ਨੂੰ ਪਾਪਾਂ ਵਿਚ ਖਰਚ ਕਰੇ ਐਥੋਂ ਤਕ ਕਿ ਉਹਦੀ ਮੌਤ ਹੋ ਜਾਏ, ਤਦ ਉਹਦੀ ਹਾਲਤ ਕੀ ਹੋਵੇਗੀ ਜੇ ਉਸਨੂੰ ਆਪਣੀ ਇਸ ਭੁਲ ਦਾ ਪਤਾ ਲਗ ਜਾਏ? ਪਰ ਇਹ ਖ਼ਬਰ ਆਮ ਮਨੁੱਖਾਂ ਨੂੰ ਉਸ ਵੇਲੇ ਹੁੰਦੀ ਹੈ, ਜਿਸ ਵੇਲੇ ਕਿ ਪਸ਼ਚਾਤਾਪ ਦਾ ਸਮਾਂ ਬੀਤ ਜਾਂਦਾ ਹੈ।

ਜਵਾਨੀ ਦੇ ਸਮੇਂ ਜਦ ਕਿ ਸਰੀਰ ਵਿਚ ਹਿੰਮਤ, ਦਿਲ ਵਿਚ ਹੌਂਸਲਾ, ਬਾਜ਼ੂਆਂ ਵਿਚ ਜ਼ੋਰ, ਲੱਤਾਂ ਵਿਚ ਤਾਕਤ, ਅੱਖਾਂ ਵਿਚ ਜੋਤ ਤੇ ਦਿਮਾਗ ਵਿਚ ਸਤਿਆ ਸੀ, ਉਸ ਵੇਲੇ ਦਾ ਪਸ਼ਚਾਤਾਪ ਅਗੇ ਦੇ ਸੁਧਾਰ ਦੇ ਵਾਸਤੇ ਕੁਛ ਅਰਥ ਰਖ ਸਕਦਾ ਸੀ, ਜਿਸ ਵੇਲੇ ਜਰਾ ਅਵਸਥਾ ਨੇ ਜੋਬਨ ਕਾਲ ਨੂੰ ਗ੍ਰਸ ਲਿਆ, ਸਰੀਰ ਸਤਯਾਹੀਨ ਹੋ ਗਿਆ, ਅੱਖਾਂ ਵਿਚ ਜੋਤ ਨਾ ਰਹੀ, ਸਿਰ ਕੰਬਣ ਲਗਾ, ਨੈਣ ਜੋਤ ਤੇ ਹੀਣ ਹੋ ਗਏ: ਫਿਰ ਪਛਤਾਏ ਹੋਤ ਕਿਆ ਜਬ ਚਿੜੀਆਂ ਚੁਗ ਲਿਆ ਖੇਤ।

**- ਅਮਰ ਲੇਖ, ਭਾਗ-੩**

## ਨੂਰ ਚਮਕਦਾ ਮੱਥਾ

ਅਰਸ਼ੀ 'ਛੁਹ' ਤੇਰੀ ਦੇ ਸ੍ਵਾਲੀ ਅਸੀਂ ਦਰ ਤੇਰੇ ਤੇ ਆਏ,
ਡਰਦੇ ਡਰਦੇ, ਕੰਬਦੇ ਕੰਬਦੇ, ਅਸਾਂ ਗਿਣ ਗਿਣ ਕਦਮ ਰਖਾਏ;
ਐਪਰ ਨੂਰ ਚਮਕਦਾ ਮੱਥਾ ਅਸਾਂ ਜਦੋਂ ਤੁਧੇ ਦਾ ਡਿੱਠਾ,
ਛੁਹ ਬਖਸ਼ਣ ਦਾ ਸ਼ੌਕ ਤੁਸਾਂ ਵਿਚ ਸਾਨੂੰ ਡੁਲ੍ਹਦਾ ਨਜ਼ਰੀਂ ਆਏ।

## ਜਿਤ ਵਲ ਨਜ਼ਰ ਉਤੇ ਵੱਲ ਸੱਜਣ

ਨੈਣਾਂ ਦੇ ਵਿਚ ਸੱਜਣ ਬਹਾਇਆ ਉਹ ਹੇਠਾਂ ਨੂੰ ਧਸਿਆ,
ਧਸਿਆ ਅੰਦਰਲੇ ਦੇ ਅੰਦਰ ਜਾ ਡੂੰਘਾਣੀਂ ਫਸਿਆ,
ਨੈਣ ਮੀਟਿਆਂ ਅੰਦਰ ਦਿਸਦਾ ਨੈਣ ਖੁਲ੍ਹਿਆਂ ਬਾਰ੍ਹ ਦਿਸੀਵੇ,
ਜਿਤ ਵਲ ਨਜ਼ਰ ਉਤੇ ਵਲ ਦਿਸਦਾ, ਵਣ ਤਿਣ ਸੱਜਣ ਵਸਿਆ।

**- ਭਾਈ ਵੀਰ ਸਿੰਘ**

# Vand Chhakna:
## The Sikh Way of Sharing & Caring

❖ **I. J. Singh**

If asked to provide a Cliff Notes version of the Sikh way of life, the pitch to be no longer than a short "elevator ride," most Sikhs would likely opt for the popular triad: *Naam japna, Kirt karni, Vand chhakna.*

*To wit, an honestly lived life with its bounties cheerfully shared with the needy, and for both of these practices to be driven by an awareness of the Creator in us all.*

Note that while *naam japna*, refers to spiritual discipline, the other two attributes are strictly social constructs that serve to cement a community. This formula of Sikhi then interlinks the spiritual and societal imperatives. These two realities – worldly and the spiritual – must never be sundered. This integrated concept, captured by the *meeri-peeri* doctrine, remains fundamental to the Sikh way of life.

I would be hard put to pin down exactly when and where this catchy triad became the defining marker of Sikhi, but we trace these fundamentals to the teachings of Guru Nanak, at the beginning of Sikhi about 550 years ago.

In Sikh tradition, this three-legged stool makes a uniquely integrated structure and any analysis should approach it as such. Even though each of its three legs is equally critical and indispensable to a stable stool, today, I aim to zero in on only one leg – giving and sharing. I leave the other two for another day.

In a rough and ready translation, *chhakna* is to consume, and the qualifier *Vand* asks that we do so by sharing life's rewards with others. Why such a stipulation? That's the question.

It is self-evident that individual humans are neither strong enough nor fast enough to outrun or overcome the existential dangers that surround us. Human survival and progress demand the formation of collectives and communities of shared bonds.

Modern sociological scholarship tells us that religions are the glue that binds a people into communities with their distinct practices, traditions, cultures, cuisine, music, indeed their identity and ethos. Traditions become sacred because they define the community life and provide the underpinnings of survival mechanisms for a people. Distinct practices also define boundaries between neighboring communities, much like fences between good neighbours. Ideally, they never should become hermetically sealed impenetrable barriers. This is why and how families, tribes, communities and nations take root and grow. How to strengthen the bonds of a people within a community?

The idea of sharing and caring within families and communities is not new or unique with Sikhi; it is universal and transcends local, regional and social barriers.

Marcus Aurelius, the second century Christian icon, reminds us: "It is in giving that we received." But this idea antedates his time. It is rightly said that though one can give without loving, one cannot love without giving.

Life teaches us that we owe our successes more to the kindness of friends and strangers than to any efforts or talents of our own. The only way then to even partially repay the debt is to return the kindness to another – a stranger in need. Thus, the cycle of gifts – given and received – continues unabated, much as life does.

Sharing and giving are existential imperatives for mankind, no matter how prosperous or how economically deprived a people and their community. But how do you go about designing a system so that both the 'haves' and the 'have nots' can see that they are in the same leaky boat. And the boat sails well and safely only when both tend to its needs.

Secular governments use a system of taxation to provide for a people's shared needs of security, law, education, healthcare, institutions and infrastructure. A similar system in religions – tithing – is a principle of faith rather than finance.

A prominent feature of Sikhi is the concept of *seva*, or service; it is a cardinal virtue of a Sikh life. This service is not to be limited exclusively to Sikhs. It can be rendered in monetary donations, goods and/or services.

A notable aspect of *seva* is that it NOT be undertaken in the hope of reward or recognition on earth or in heaven. But human nature being what it is, many do-gooders often hope for earthly rewards or for finding fault with the intent of others (envy?) behind any *seva*.

I leave this matter largely untouched except to say that the best *seva* remains one that is done to meet a need, not of the service provider but of the *needy* to whom the *seva* is directed.

In Sikhi, the financial underpinning of any and all *seva* comes from the percept of *dasvandh*, which exhorts every Sikh to earmark ten percent of his earnings for community service. Interestingly, over the past three decades, many prominent economists and US presidential hopefuls have argued for a ten percent flat tax to

replace our hopelessly convoluted tax structure.

I offer you only four Gurbani citations from the myriad that are available. The Guru Granth urges us to lose the self in service of a cause bigger than the self "*Aap gavaye seva karay ta kitch paaye maan*," (p. 474). It further asks us to follow the honest path of work and *seva* in this world; therein is the Creator's approval, "*Vitch duniya sev kamaaye ta dargeh baesan paaye*, (p. 26). It goes on to emphasize that in self-less service God is found "*Seva karat ho-ey nihkamee. Tis kau hoat praapat suamee*," (p. 286). And finally, one knows the true way if he earns his daily bread honestly and contributes some to the needy "*Ghaal khaaey kitch hathon dey, Nanak raah pehchhanay saye*," (p. 1245).

The Sikh *langar*, usually labelled an act of *seva*, is the free meal that follows every Sikh service in well-nigh every Gurdwara in the world. It is simple and vegetarian so that anyone of any religious or ethical persuasion can easily accept.

The traditional Indian (Hindu) society has been, for ages, divided along hereditary, vertically stratified lines of caste in which the high and low castes do not sit together, never break bread together; not even accept food prepared or served by someone of low caste, and never ever attend the same religious service together. These impenetrable barriers had to be demolished and the Gurus close *langar* as the method – the technology to do so.

This free meal is prepared and served by volunteers in the Gurdwara. The larger gurdwaras in Punjab may serve as many as 100,000 meals a day. The poor and the rich sit together, as do the high and the low caste. The homeless sit with the robber barons of society and the starving hordes with the overfed. The meal is simple fare to assuage the hunger of the needy.

However, times are a-changing. In the gurdwaras of the American diaspora, the menu is becoming increasingly complex and rich; the simplicity is disappearing, the hungry and homeless are nowhere to be found; the repast befits a bash that some cynics refer to as the "dollar-buffet." Sometimes the *langar* is catered.

Yet, many avenues for sharing and caring remain. New immigrants arriving at American shores often need mastery of a new language and cultural skills, as well as some familiarity with the Constitutional structure of the United States or Canada.

Perhaps, lesser *seva* is needed within the Gurdwara and more outside of it in our interactions with the wider non-Sikh community. Ultimately, our goal is not to assimilate beyond recognition, but more to integrate into defining an equal place at the table of this society.

Towards this end, our progress is visible but limited and much work remains. Remember that if you don't have a seat at the table, you are likely on the menu.

For instance, Sikh Coalition and SALDEF are profitably engrossed with societal and legal institutions to forge an equal place for Sikhs. United Sikhs and Khalsa Aid, though small, have been at the forefront of relief efforts in the face of Katrina, Tsunami, and earthquakes in Haiti and Nepal, and now even Kurdish refugees from Iraq. The Sikh Research Institute is largely focused on the internal development of the Sikh community.

They remind me when, during Guru Gobind Singh's time, Bhai Ghanayya was commended by the Guru for serving the wounded soldiers in battle regardless of whether they were Sikh or enemy soldiers. Sporadic efforts at feeding the homeless, irrespective of their religion exist and are proliferating, though slowly. Periodic educational initiatives and health fairs serve people of all religions and backgrounds, but they are few and far between. In these two categories our efforts remain minimal at best.

It is also *seva* when lawyers work at subsistence wages to advance our civil rights. Also, there are the unpaid volunteers who run Sunday schools and associated initiatives to teach the fundamentals of Sikhi in and out of gurdwaras across the world. I salute these volunteers and wish there were many more.

But these are developmental stages through which we must pass. In Sikhi, sharing shows distinct feature that transcend the needs of survival.

It is rightly said that there are three kinds of givers: *the flint, the sponge and the honeycomb*. One has to vigorously hammer the flint to get shards and sparks. The sponge: the harder you squeeze it the more it delivers. The honeycomb, however, just overflows with its own sweet kindness.

*The question is what kind of givers and sharers are we?*

In closing I offer you a few factoids. According to the Arton Capital Major Giving Index, the typical ultra-high net worth philanthropist donates $25 million over his lifetime – more than 10 percent of net worth. Typically, American households donate $3,000 annually to charity, the report said.


None of us can row the boat alone – certainly not very far and not for long. *Vand Chhako*; Come and share the bounties of life.

*Erich From reminds us that "Giving is the highest form of potency" and Bob Hope warns us that "If you haven't got any charity in your heart, you have the worst kind of heart trouble."*

*- Sikhi : The Journey & The Destination*

✧ ✧ ✧ ✧ ✧

**ਚਾਨਣ ਸਿੰਘ-** ਸਤਿ ਹੈ। ਦ੍ਰਿਸ਼ਟਮਾਨ (objective) ਪਦਾਰਥਾਂ ਦੇ ਗਜਾਨ ਲਈ ਅਸੀਂ ਸਾਇੰਸ ਦੁਆਰਾ ਦਸ ਦਸ ਵੀਹ ਵੀਹ ਵਰ੍ਹੇ ਪਏ ਟੱਕਰਾਂ ਮਾਰਦੇ ਹਾਂ ਤਾਂ ਕੁਛ ਪਤਾ ਚਲਦਾ ਹੈ ਤੇ ਇਧਰ 'ਦ੍ਰਿਸ਼ਟਾ' ਵਸਤੂ ਦੇ ਜਾਣਨੇ ਲਈ ਅਸੀਂ ਥੋੜ੍ਹਾ ਬਹੁਤ ਪੜ੍ਹਕੇ ਚਾਹੁੰਦੇ ਹਾਂ ਕਿ ਆਪੇ ਹੱਥ ਜੋੜੀ ਉਹ ਸਾਡੇ ਮਗਰ ਮਗਰ ਕਿਉਂ ਨਹੀਂ ਫਿਰਦਾ ਤੇ ਹੁੱਜਤ ਬਣਾ ਕੇ ਸੁਖੀ ਹੋ ਜਾਂਦੇ ਹਾਂ ਕਿ 'ਹੈ' ਤਾਂ ਦਿਸਦਾ ਕਿਉਂ ਨਹੀਂ? ਆਪ ਦੇ ਫੁਰਮਾਨ ਮੁਜਬ ਮੇਰੀ ਤਾਂ ਤਸੱਲੀ ਹੋ ਗਈ ਹੈ, ਅਜ ਸਾਰਾ ਸੰਸਾ ਨਵਿਰਤ ਹੋ ਗਿਆ ਹੈ, ਠੰਢ ਪੈ ਗਈ ਹੈ। ਹੁਣ ਇਕ ਗਲ ਹੈ, ਉਹ ਕਿਰਪਾ ਕਰਕੇ ਦੱਸ ਦਿਓ: ਜਦੋਂ ਕਿ ਕੋਈ ਇਨਸਾਨ ਆਪਦੇ ਫੁਰਮਾਨ ਮੁਜਬ ਗੁਰਬਾਣੀ ਦੇ ਪਾਠ, ਵੀਚਾਰ, ਅਰਦਾਸ, ਸ਼ੁਕਰ, ਕੀਰਤਨ, ਨਾਮ ਸਿਮਰਨ, ਪ੍ਰੇਮ ਦੁਆਰਾ ਦ੍ਰਿਸ਼ਟਾ ਦੇ ਅਨੁਭਵ ਵਿਚ ਪਹੁੰਚ ਪਿਆ, ਤਾਂ ਉਸ ਆਨੰਦ ਵਿਚ ਨਿਮਗਨ ਕਿਉਂ ਨਾਂ ਹੋ ਜਾਵੇ, ਫੇਰ ਕੀਹ ਲੈਣਾ ਸੂ ਦੁਨੀਆ ਨਾਲ ਵਾਹ ਪਾ ਕੇ ਉਪਕਾਰ ਦਾ ਕਿ ਸੇਵਾ ਦਾ ਬੀ।




**ਸੰਤ** (ਮੁਸਕ੍ਰਾਕੇ)- ਠੀਕ ਕਿਹਾ ਜੇ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਅਕਸਰ ਦਾਨਿਆਂ ਦਾ ਰੁਖ਼ ਇਹੀ ਸੀ ਜੋ ਤੁਸਾਂ ਜੀ ਨੇ ਕਿਹਾ ਹੈ। ਪਰ ਗੁਰੂ ਜੀ ਨੇ ਡਿੱਠਾ ਕਿ ਜਦ ਐਸੇ ਸਤਿਪੁਰਖ ਜੋ ਸੁਖੀ ਹੋ ਜਾਂਦੇ ਹਨ, ਆਪਣਾ ਜੀਵਨ ਮੁਕਤੀ ਦਾ ਰਸ ਲੈਣ ਲਈ ਅਲੱਗ ਹੋ ਕੇ ਏਕਾਂਤ ਥਾਂਈਂ ਟੁਰ ਜਾਂਦੇ ਹਨ ਤਾਂ ਪਿੱਛੇ ਜੋ ਲੋਕ ਰਹਿ ਜਾਂਦੇ ਹਨ ਸਰਬ ਸਾਧਾਰਨ ਹੁੰਦੇ ਹਨ, ਅਨਪੜ੍ਹ ਹੁੰਦੇ ਹਨ, ਨਾ ਦੀਨ ਸੰਭਾਲ ਸਕਦੇ ਹਨ ਨਾ ਦੁਨੀਆ। ਇਸ ਤਰ੍ਹਾਂ ਭਾਈਚਾਰਾ ਕਹੋ, ਪਰਜਾ ਕਹੋ, ਲੋਕੀ ਕਹੋ, ਜਿਸ ਨੂੰ ਤੁਸੀਂ ਸੁਸਾਇਟੀ ਆਖੋਗੇ, ਤਬਾਹ ਹੋ ਗਈ ਹੈ। ਗ਼ੈਰ ਮੁਲਕਾਂ ਦੇ ਜਰਵਾਣੇ ਆਉਂਦੇ ਹਨ, ਲੁਟਦੇ ਹਨ, ਰਾਜ ਕਰਦੇ ਹਨ, ਇਨ੍ਹਾਂ ਨੂੰ ਅਨੇਕ ਤਰ੍ਹਾਂ ਨਾਲ ਵਢ ਵਢ ਖਾਂਦੇ ਹਨ। ਉਨ੍ਹਾਂ ਸਤਿਗੁਰਾਂ ਨੇ ਵੀਚਾਰਿਆ ਕਿ ਥੋੜੇ ਬਨਬਾਸੀਆਂ ਨੇ ਆਤਮ ਸੁਖ ਮਾਣ ਲਿਆ ਤਾਂ ਕੀਹ ਜੇ ਬਾਕੀ ਪਰਜਾ ਆਤਮ ਸੁਖ ਤਾਂ ਕਿਤੇ ਰਿਹਾ, ਸੁਤੰਤ੍ਰਤਾ ਦਾ ਸੁਖ ਬੀ ਖੋਹ ਬੈਠੇ, ਵਿਦਜਾ ਤੇ ਸਰੀਰਕ ਆਰਾਮ ਬੀ ਗੁਆ ਬੈਠੇ ਤੇ ਪ੍ਰਸ਼ਾਦ ਪਾਣੀ ਤਕ ਬੀ ਉਖੇਰੇ ਹੋ ਜਾਣ। ਇਸ ਤਰ੍ਹਾਂ ਉਨ੍ਹਾਂ ਦੇ ਸਰਬੱਤ ਦੇ ਭਲੇ ਦੀ ਵੀਚਾਰ ਨੂੰ ਗੁਰੂ ਅਰਜਨ ਦੇਵ ਜੀ ਨੇ ਇਉਂ ਫੁਰਮਾਯਾ-"ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ॥" ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੇ ਪੂਰਨ ਬ੍ਰਹਮ ਪਛਾਤਾ ਹੈ, ਉਨ੍ਹਾਂ ਨੇ ਸਗਲ ਸਮੂਹ ਦਾ ਉਧਾਰ ਕੀਤਾ ਹੈ ਤੇ ਕਰਨਾ ਹੈ। ਉਨ੍ਹਾਂ ਨੇ ਕੇਵਲ ਆਪਣੀ ਕਲਿਆਨ ਯਾ ਆਪਣੇ ਥੋੜੇ ਪ੍ਰੇਮੀਆਂ ਦੀ ਕਲਿਆਨ ਦਾ ਵੀਚਾਰ ਨਹੀਂ ਕੀਤਾ, ਪਰ ਉਨ੍ਹਾਂ ਨੇ ਸਗਲ ਸਮੂਹ ਦੇ ਉਧਾਰ ਦਾ ਪ੍ਰਬੰਧ ਕੀਤਾ ਹੈ। ਇਸ ਤੋਂ ਪਹਿਲੀ ਤੁਕ ਵਿਚ ਫੁਰਮਾਉਂਦੇ ਹਨ-"ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ॥" ਪਰਮੇਸੁਰ ਦੇ ਪਿਆਰੇ ਜਨ-ਗੁਰੂ ਨਾਨਕ-ਦਾ ਸੰਸਾਰ ਤੇ ਆਉਣਾ ਸਫਲ ਹੋਇਆ ਹੈ, ਜਿਨ੍ਹਾਂ ਨੇ ਜੀਵਾਂ ਦਾ- ਸਗਲ ਸਮੂਹ-ਦਾ-ਉਧਾਰ ਕਰਕੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਸੁਹਣੇ ਪੁਤ੍ਰ ਬਣਾ ਦਿਤਾ ਹੈ। ਭਾਵੇਂ ਕਿ ਗੁਰੂ ਨਾਨਕ ਦੇਵ ਜੀ ਨੇ 'ਸਗਲ' ਦੇ ਉਧਾਰ ਨੂੰ ਮੁੱਖ ਰਖਿਆ, ਇਸੇ ਕਰਕੇ ਸਿਖ ਧਰਮ ਦਾ ਆਚਾਰਯ, ਸਾਧੂ, ਸੰਤ,

**(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)**

# 'ਪੀੜਾ-ਹਰਨ' ਦਾਤਾ

ਮਹਾਤਮਾ, ਗੁਣੀ, ਗੁਰਮੁਖ ਉਹੋ ਹੈ ਜੋ ਪਹਿਲਾਂ "ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ॥" ਦੀ ਅਵਸਥਾ ਪਾ ਕੇ ਫੇਰ'....ਪਰਉਪਕਾਰ ਉਮਾਹਾ' ਦੇ ਰੰਗ ਵਿਚ ਕੰਮ ਕਰਦਾ ਹੈ। ਇਕ ਆਪਣੀ ਨਹੀਂ, ਪਰ ਜਗਤ ਦੀ ਕਲਜਾਣ ਜਥਾ ਸ਼ਕਤਿ ਜੋ ਕੁਛ ਹੋਵੇ ਸੇਵਾ ਕਰਦਾ ਹੈ।

**ਚਾਨਣ ਸਿੰਘ-** ਪਹਿਲੋਂ ਆਪ ਪ੍ਰਬੁੱਧ ਹੋਣਾ ਜ਼ਰੂਰੀ ਹੈ ? ਐਵੇਂ ਕੋਈ ਨਿਰਾ ਉਪਕਾਰੀ ਹੋ ਜਾਵੇ ਤਾਂ...... ?

**ਸੰਤ-** ਹੁਕਮ ਹੈ ਗੁਰ ਨਾਨਕ ਦੇਵ ਜੀ ਦਾ "ਪਹਿਲੋ ਦੇ ਜੜ ਅੰਦਰਿ ਜੰਮੈ ਤਾਂ ਉਪਰਿ ਹੋਵੈ ਛਾਂਉ।" ਬ੍ਰਿੱਛ, ਭਾਈ ! ਦੂਸਰਿਆ ਨੂੰ ਛਾਂ ਤਾਂ ਹੀ ਦੇ ਸਕੇਗਾ ਜਾਂ ਪਹਿਲੋਂ ਉਗੇ, ਜੜ੍ਹ ਪੱਕੀ ਹੋਵੇ ਤੇ ਫੇਰ ਬ੍ਰਿੱਛ ਫੈਲੇ ਤਾਂ। ਪੰਜਵੇਂ ਗੁਰਾਂ ਨੇ ਫੁਰਮਾਯਾ: "ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ।" ਭਾਈ, ਜਦ ਤਾਂਈਂ ਆਦਮੀ ਨੂੰ ਅੰਦਰ ਆਪਣੇ ਨਿਸਚੇ ਨਹੀਂ ਹੋਇਆ ਕਿ ਆਪਾ ਮੇਰਾ ਹਉਂ ਦੇ ਹਨੇਰੇ ਤੋਂ ਛੁੱਟਕੇ ਸੁਖ ਰੂਪ ਹੈ ਤਦ ਤਾਂਈਂ ਦੂਜੇ ਦੇ ਭਲੇ ਲਈ ਆਪਾ ਵਾਰਨਾ ਕਠਨ ਖੇਡ ਹੈ। ਜੋ ਲੋਕ ਅੰਦਰੋਂ ਹਉਂ ਕੱਟਕੇ ਸਾਂਈਂ ਦੇ ਨਾਮ ਦੇ ਆਧਾਰ ਨਾਲ ਗਜਾਨਵਾਨ ਨਹੀਂ ਹੋਏ ਉਨ੍ਹਾਂ ਨੂੰ ਆਪਣੇ ਸੁਆਰਥ ਦੀ ਖਿੱਚ ਟਪਲੇ ਦੇ ਜਾਂਦੀ ਹੈ ਤੇ ਓਹ ਖ਼ੁਦਗਰਜ਼ੀ ਦੇ ਹੱਥੋਂ ਨਹੀਂ ਛੁਟਦੇ ਤੇ ਪਰਾਏ ਭਲੇ ਵਿਚ ਔਖੇ ਨਿਭਦੇ ਹਨ। ਜਿਨ੍ਹਾਂ ਨੇ ਸਾਂਈਂ ਪ੍ਰੇਮ ਵਿਚ ਟੇਕ ਲਾਈ ਹੈ ਤੇ ਅਪਣੇ ਸ਼ੁਭ ਕਰਮ ਬੀ ਉਸਨੂੰ ਅਰਪੇ ਹਨ, ਉਨ੍ਹਾਂ ਤੋਂ ਜਗਤ ਨੂੰ ਸੁਖ ਮਿਲਿਆ ਹੈ। ਜਿਨ੍ਹਾਂ ਨੇ ਆਪ ਪ੍ਰਬੁੱਧ ਹੋਏ ਬਿਨਾਂ, ਸਾਂਈਂ ਨੂੰ ਪ੍ਰੀਤਮ ਬਨਾਏ ਬਿਨਾ, ਉਪਕਾਰ ਕੀਤੇ ਹਨ, ਉਨ੍ਹਾਂ ਬਾਬਤ ਤੁਹਾਡੀ ਪੱਛਮੀ ਬੋਲੀ ਵਿਚ ਇਕ ਕਹਾਵਤ ਹੈ ਜਿਸਦਾ ਅਰਥ ਹੈ ਕਿ 'ਉਪਕਾਰ ਦਾ ਅੰਤ ਅਪਕਾਰ ਹੁੰਦਾ ਹੈ', ਅਰਥਾਤ ਉਪਕਾਰੀ ਆਦਮੀ ਉਪਕਾਰ ਦੇ ਉਲਟ ਹੋ ਕੇ ਨਿੱਬੜਦਾ ਹੈ। ਕਾਰਣ ਇਹ ਹੈ ਕਿ ਉਪਕਾਰੀ ਨੂੰ ਮੁਸ਼ਕਲਾਂ ਆਉਂਦੀਆਂ ਹਨ। ਜਗਤ ਉਪਕਾਰ ਲੈ ਕੇ ਮਾੜੇ ਵਰਤਾਉ ਕਰਦਾ ਹੈ, ਜਿਸ ਤੋਂ ਮਨ ਦੁਖੀ ਹੁੰਦਾ ਹੈ। ਉਪਕਾਰੀਆਂ ਨੂੰ ਹੀ ਸੂਲੀਆਂ, ਫਾਹੇ ਤੇ ਕੈਦਾਂ ਮਿਲੀਆਂ। ਜਿਸ ਉਪਕਾਰੀ ਦੇ ਅੰਦਰ ਪ੍ਰਭੂ ਦੀ ਟੇਕ ਹੈ, ਜਿਸ ਦੇ ਗਜਾਨ ਨੇਤ੍ਰ ਖੁੱਲ੍ਹੇ ਹਨ, ਉਹ ਜਗਤ ਦੇ ਮੰਦੇ ਸਲੂਕਾਂ ਨਾਲ ਘਾਬਰਦਾ ਨਹੀਂ ਤੇ ਅੰਤ ਪ੍ਰਯੰਤ ਜਗਤ ਉਧਾਰ ਦੇ ਕੰਮ ਵਿਚ ਨਿਭ ਜਾਂਦਾ ਹੈ। ਵਾਹਿਗੁਰੂ ਦੇ ਗਿਆਨ ਤੋਂ ਹੀਨ ਪੁਰਖ ਉਪਕਾਰਾਂ ਵਿਚ ਅੱਕ ਥੱਕ ਜਾਂਦਾ ਹੈ, ਕਈ ਵੇਰ ਉਪਕਾਰ ਛੱਡ ਹੀ ਬੈਠਦਾ ਹੈ।

ਫੇਰ ਇਕ ਸੋਚ ਹੋਰ ਹੈ। ਗੁਰਮਤ ਅਨੁਸਾਰ ਪਰਮੇਸ਼ਰ ਦਾ ਪਿਆਰਾ ਜਦ ਲੋਕਾਂ ਦੀਆਂ ਪੀੜਾਂ ਹਰਦਾ ਹੈ ਤਾਂ ਉਹਨਾਂ ਨੂੰ ਪਰਮੇਸ਼ਰ ਦਾ ਗਜਾਨ ਬੀ ਦੇਂਦਾ ਹੈ, ਜੀਵਨ ਦੇ ਉਚੇ ਆਦਰਸ਼ ਸਿਖਾਲਦਾ ਹੈ। ਜੇ ਇਹ ਨਾਂ ਸਿਖਾਲੇ ਤੇ ਦੁਖ ਹਰੇ ਤਾਂ ਦੁੱਖਾਂ ਦੇ ਦੂਰ ਹੋਇਆਂ ਓਹੋ ਦੁਖੀ ਤੇ ਪਾਪੀ ਲੋਕ ਅਪਣੇ ਪਹਿਲੇ ਖ਼ੁਦਗਰਜ਼ੀ ਤੇ ਵਿਕਾਰਾਂ ਦੇ ਸੁਭਾਵ ਵਿਚ ਵਰਤਦੇ ਹਨ ਤੇ ਜਗਤ ਲਈ ਦੁਖਦਾਈ ਹੋ ਜਾਂਦੇ ਹਨ।

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

✧ ✧ ✧ ✧ ✧

# ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ

**ਹਫ਼ਤਾਵਾਰ ਪੰਜਾਬੀ ਪਰਚਾ**

**8 ਮਈ 1919**

## ਮਿਸ ਸ਼ੇਰਵੁਡ

ਹੱਕ ਵਿਚ ਛਪਿਆ ਹੈ ਕਿ ਮਿਸ ਸ਼ੇਰਵੁਡ ਪੁਰ 10 ਅਪ੍ਰੈਲ ਨੂੰ ਅੰਮ੍ਰਿਤਸਰ ਵਿਚ ਕਤਲ ਕਰਨ ਲਈ ਵਾਰ ਕੀਤਾ ਗਿਆ ਸੀ, ਜਿਨ੍ਹਾਂ ਨੂੰ ਕੁਝ ਸਿੱਖਾਂ ਨੇ ਨਿਹਾਇਤ ਜਵਾਂ ਮਰਦੀ ਤੇ ਬਹਾਦਰੀ ਨਾਲ ਬਚਾਇਆ ਸੀ ਇਹ ਅਗਲੇ ਹਫਤੇ ਇੰਗਲਸਤਾਨ ਜਾਣ ਵਾਲੀ ਹੈ, ਫੱਟਾਂ ਦੇ ਕਾਰਨ ਇਨ੍ਹਾਂ ਦੀ ਦਸ਼ਾ ਖਤਰਨਾਕ ਹੈ, ਇਸ ਕਰਕੇ ਜਰੂਰੀ ਸਮਝਿਆ ਗਿਆ ਹੈ ਕਿ ਸਫਰ ਵਿਚ ਇਨ੍ਹਾਂ ਨੂੰ ਡਾਕਟਰੀ ਸਹਾਇਤਾ ਮਿਲਦੀ ਰਹੇ।

ਇਸੇ ਸਬੰਧ ਵਿੱਚ ਖਾਲਸਾ ਐਵੋਕੇਟ ਲਿਖਦਾ ਹੈ ਕਿ ਏਹ ਸੇਵਾ ਕਰਨ ਵਾਲੇ ਸਿੱਖ ਭਾਈ ਗਿਆਨ ਸਿੰਘ ਜੀ ਮੈਨੇਜਰ ਖਾਲਸਾ ਐਡਵੋਕੇਟ ਤੇ ਡਾਕਟਰ ਬਲਵੰਤ ਸਿੰਘ ਜੀ ਹਨ। ਭਾਈ ਗਯਾਨ ਸਿੰਘ ਜੀ ਨੇ ਇਸ ਫੱਟੜ ਲੇਡੀ ਨੂੰ ਘਰ ਵਿਚ ਰੱਖਜਾ, ਹਰ ਤਰਾਂ ਸੇਵਾ ਕੀਤੀ ਤੇ ਡਾਕਟਰ ਬਲਵੰਤ ਸਿੰਘ ਜੀ ਨੂੰ ਇਲਾਜ ਲਈ ਸੱਦਜਾ ਜਿਨ੍ਹਾਂ ਬਿਨਾਂ ਕਿਸੇ ਤਰਾਂ ਦੀ ਫੀਸ ਦੇ ਬੜੀ ਹਮਦਰਦੀ ਨਾਲ ਇਲਾਜ ਕੀਤਾ, ਰਾਤ ਦੇ ਅੰਧੇਰੇ ਵਿਚ ਇਸ ਤੇ ਬਾਕੀ ਅਧਿਆਪਕਾਂ ਨੂੰ ਮਿਸ਼ਨ ਹਾਲ ਵਿਚ ਪੁਚਾਇਆ।

## ਮਿਸਟਰ ਗਾਂਧੀ ਦੀ ਬਿਨੈ

ਪਿਛਲੇ ਦਿਨਾਂ ਦੇ ਰੌਲੇ ਗੌਲੇ ਸੰਬੰਧੀ ਮਿਸਟਰ ਗਾਂਧੀ ਨੇ ਇਕ ਪੈਂਫਿਲਟ ਛਪਵਾਕੇ ਆਪਣੇ ਖਿਆਲ ਪ੍ਰਗਟ ਕਰਦੇ ਹੋਏ, ਇਕ ਸਹਾਇਕ ਫੰਡ ਖੋਲ੍ਹਣ ਦੀ ਪ੍ਰੇਰਨਾ ਕੀਤੀ ਹੈ ਤਾਂ ਜੋ ਉਹਨਾਂ ਲੋਕਾਂ ਦੀ ਸਹਾਇਤਾ ਕੀਤੀ ਜਾਵੇ, ਜੋ ਇਨ੍ਹਾਂ ਬਲਵਿਆਂ ਵਿਚ ਮਾਰੇ ਗਏ ਜਾਂ ਫਟੜ ਹੋਕੇ ਹਸਪਤਾਲਾਂ ਵਿਚ ਪਏ ਹਨ, ਮਿਸਟਰ ਗਾਂਧੀ ਲਿਖਦੇ ਹਨ :

"ਉਹਨਾਂ ਵਿਚ ਦੋ ਤਿੰਨ ਅੰਗ੍ਰੇਜ਼ ਵੀ ਹਨ, ਜਿਨ੍ਹਾਂ ਦੇ ਪਿਛਲਿਆਂ ਦੀ ਸਹਾਇਤਾ ਕਰਨਾ ਸਾਡਾ ਫਰਜ਼ ਹੈ, ਕਿਉਂਕਿ ਉਹਨਾਂ ਦੇ ਕਤਲ ਦੇ ਅਸੀਂ ਜ਼ਿਮੇਵਾਰ ਹਾਂ" ਉਹਨਾਂ ਨੂੰ ਮਾਰਨ ਬਾਬਤ ਅਸੀਂ ਕੋਈ ਵਜਾ ਪੇਸ਼ ਨਹੀਂ ਕਰ ਸਕਦੇ, ਉਹਨਾਂ ਨੂੰ ਕੇਵਲ ਗੁਸੇ ਨਾਲ ਮਾਰ ਦਿਤਾ ਗਿਆ ਹੈ।

ਸਾਡੇ ਵਿਚੋਂ ਕਈਆਂ ਦਾ ਖਿਆਲ ਹੈ ਕਿ ਅਸੀਂ ਫਸਾਦ, ਤਬਾਹੀ ਤੇ ਅੱਗਾਂ ਲਾਕੇ ਆਪਣੇ ਹਕ ਹਾਸਲ ਕਰ ਸਕਦੇ ਹਾਂ, ਇਸਦੇ ਵਿਰੁੱਧ ਸਤਜਗ੍ਰੈਹ ਦੀ ਸਿਖਜਾ ਇਹ ਹੈ ਕਿ ਸਾਨੂੰ ਇਸ ਤਰਾਂ ਦੇ ਪ੍ਰਾਪਤ ਕੀਤੇ ਹੱਕਾਂ ਨੂੰ ਛਡ ਦੇਣਾ ਚਾਹੀਦਾ ਹੈ, ਉਹ ਲੋਕ ਜੋ ਸਾਨੂੰ ਸ੍ਰੀਰਕ ਤਾਕਤ ਤੋਂ ਕੰਮ ਲੈਣ ਦੀ ਸਿਖਜਾ ਦੇਂਦੇ ਹਨ ਸ਼ੋਕਦਾਇਕ ਗਲਤੀ ਵਿਚ ਪਏ ਹੋਏ ਹਨ, ਸਾਨੂੰ ਉਨਾਂ ਦੀ ਨਸੀਹਤ ਨਹੀਂ ਸੁਣਨੀ ਚਾਹੀਦੀ।

ਪੂਨੇ ਦੇ ਉਸ ਗਾਓਂ ਦਾ ਜ਼ਿਕਰ ਕਰਦੇ ਹੋਏ ਮਿਸਟਰ ਗਾਂਧੀ ਨੇ ਲਿਖਜਾ ਹੈ ਕਿ:- ਇਸ— ਭਯਾਨਕ ਵਾਰਦਾਤ— ਪੁਣੇ ਤੇ ਵਿਚਾਰ ਕਰੋ ਇਸ ਆਦਮੀ ਨੇ ਕੀ ਕਸੂਰ ਕੀਤਾ ਸੀ, ਜਿਸ ਦੇ ਵਾਸਤੇ ਉਸਨੂੰ ਜੀਉਂਦਾ ਸਾੜਿਆ ਗਿਆ। ਇਸੇ ਤਰਾਂ ਸਾਰਜੰਟ ਫਰੇਜਰ ਨੇ ਜੋ ਬੇਗੁਨਾਹ ਅੰਗ੍ਰੇਜ਼ ਸੀ ਤੇ ਇਕ ਮਕਾਨ ਵਿਚ ਬਚਾਓ ਲਈ ਵੜਿਆ ਸੀ ਕਾਤਲਾਂ ਨੇ ਉਹ ਨੂੰ ਮਕਾਨ ਵਿਚੋਂ ਕੱਢਕੇ ਟੁਕੜੇ ਟੁਕੜੇ ਕਰ ਦਿਤਾ। ਅਜੇਹੀਆਂ ਘਟਨਾਂ ਤੋਂ ਜੋ ਕੋਈ ਹੱਕ ਮਿਲਨ ਤਦ ਉਹਨਾਂ ਨੂੰ ਹੱਕ ਨਹੀਂ ਕੈਹ ਸਕਦੇ। ਸਗੋਂ ਅਜੇਹੀਆਂ ਘਟਨਾਂ ਸਾਡੀ ਗੁਲਾਮੀ ਦੀ ਦਲੀਲ ਹਨ।

ਇਨ੍ਹਾਂ ਘਟਨਾ ਤੋਂ ਪਤਾ ਲਗਦਾ ਹੈ ਕਿ ਸਾਡੇ ਵਿਚੋਂ ਧਰਮ ਦੀ ਅਸਲੀ ਸ਼ਕਤੀ ਉੱਡ ਗਈ ਹੈ।" (ਹੱਕ)

## ਡਾਕਖਾਨੇ ਤੇ ਪੰਜਾਬੀ

ਡਾਕਖਾਨਿਆਂ ਵਿਚ ਪੰਜਾਬੀ ਖਤਾਂ ਨਾਲ ਜੋ ਬੇਪ੍ਰਵਾਹੀ ਹੁੰਦੀ ਰਹੀ ਸੀ, ਉਸਦੀ ਬਾਬਤ ਸਿਖ ਐਜੂਕੇਸ਼ਨਲ ਕਮੇਟੀ ਦੀ ਲਿਖਤ ਪੜ੍ਹਤ ਤੇ ਸ੍ਰ: ਸ਼ਿਵ ਦੇਵ ਸਿੰਘ ਜੀ ਦੀ ਜਬਾਨੀ ਗਲਬਾਤ ਤੋਂ ਪੋਸਟਮਾਸਟਰ ਜਨਰਲ ਨੇ ਨਿਮਨ ਲਿਖਤ ਸਰਕੁਲਰ ਡਾਕਖਾਨੇ ਦੇ ਜ਼ਿੰਮੇਵਾਰ ਅਫਸਰਾਂ ਵਲ ਜਾਰੀ ਕੀਤਾ ਹੈ।

"ਇਹ ਵੇਖਿਆ ਗਿਆ ਹੈ ਕਿ ਜਿਨਾਂ ਚੀਜ਼ਾਂ ਤੇ ਗੁਰਮੁਖੀ ਪਤੇ ਲਿਖੇ ਹੋਏ ਹੁੰਦੇ ਹਨ, ਉਹ ਚੰਗੀ ਤਰਾਂ ਨਹੀਂ ਦੇਖੀਆਂ ਜਾਂਦੀਆਂ ਅਤੇ ਆਮ ਤੌਰ ਤੇ ਬਗੈਰ ਜਰੂਰਤ ਦੇ ਡੀ.ਐਲ.ਓ. ਵਿਚ ਭੇਜੀਆਂ ਜਾਂਦੀਆਂ ਹਨ।

ਗੁਰਮੁਖੀ ਉਹ ਅੱਖਰ ਹਨ ਜਿਨਾਂ ਵਿਚ ਪੰਜਾਬੀ ਜੋ ਪੰਜਾਬ ਦੀ ਜ਼ਬਾਨ ਹੈ, ਆਮ ਤੌਰ ਤੇ ਲਿਖੀ ਜਾਂਦੀ ਹੈ। ਇਸ ਨੂੰ ਕੇਵਲ ਸਿੱਖ ਹੀ ਨਹੀਂ ਸਗੋਂ ਬਹੁਤ ਸਾਰੇ ਲੋਗ ਵਰਤਦੇ ਹਨ, ਸਟਾਫ ਦਾ ਗੁਰਮੁਖੀ ਵਿਚ ਲਿਖੇ ਹੋਏ ਪਤੇ ਵਾਲੀਆਂ ਚੀਜ਼ਾਂ ਦੇ ਇੰਤਜ਼ਾਮ ਨਾ ਕਰ ਸਕਨ ਦਾ ਕਾਰਨ ਉਹਨਾਂ ਦੀ ਬੇਪਰਵਾਹੀ ਹੀ ਹੈ, ਇਸ ਲਈ ਹੁਣ ਜੇਕਰ ਡਾਕਖਾਨੇ ਦੇ ਮੁਲਾਜ਼ਮਾਂ ਕੋਲੋਂ ਗੁਰਮੁਖੀ ਵਿਚ ਲਿਖੇ ਹੋਏ ਪਤੇ ਵਾਲੀਆਂ ਚੀਜ਼ਾਂ ਦੇ ਇੰਤਜ਼ਾਮ ਕਰਨ ਵਿਚ ਕੋਈ ਗ਼ਲਤੀ ਹੋਵੇਗੀ ਤਾਂ ਉਸਦਾ ਨੋਟਸ ਲਿਖਾ ਜਾਵੇਗਾ।

(1) ਜਿਸ ਕਲਰਕ ਕੋਲੋਂ ਗੁਰਮੁਖੀ ਵਿਚ ਲਿਖੇ ਹੋਏ ਪਤੇ ਵਾਲੀ ਚੀਜ਼ ਦੇ ਇੰਤਜ਼ਾਮ ਵਿਚ ਕੋਈ ਗਲਤੀ ਹੋਵੇਗੀ ਉਸਨੂੰ ਇਕ ਰੁਪੱਯਾ ਫੀ ਆਰਟੀਕਲ ਦੇ ਹਿਸਾਬ ਜੁਰਮਾਨਾ ਕੀਤਾ ਜਾਵੇਗਾ।

(2) ਜੇਕਰ ਕਿਸੇ ਖਾਸ ਕਲਰਕ ਦਾ ਪਤਾ ਨਹੀਂ ਲਗੇਗਾ ਤਾਂ ਦਫਤ੍ਰ ਦੇ ਹਰ ਇਕ ਕਲਰਕ ਨੂੰ ਇਕ ਰੁਪਯਾ ਇਕ ਆਰਟੀਕਲ ਦੇ ਹਸਾਬ ਜੁਰਮਾਨਾ ਹੋਵੇਗਾ, ਜਿਸ ਤੇ ਗੁਰਮੁਖੀ ਪਤਾ ਹੋਣ ਦੇ ਕਾਰਨ ਗਲਤੀ ਹੋਵੇਗੀ।

(3) ਇਸ ਸਰਕਲ ਦੇ ਸੁਪ੍ਰੰਟੰਡੰਟ ਤੇ ਫਸਟ ਕਲਾਸ ਪੋਸਟ ਮਾਸਟਰਾਂ ਨੂੰ ਚਾਹੀਦਾ ਹੈ ਕਿ ਅਪਨੇ ਡਵੀਜ਼ਨ ਦੇ ਸਭ ਕਲਰਕਾਂ ਦੇ ਭਾਵੇਂ ਕੋਈ ਕਿਸੇ ਤਨਖਾਹ ਦਾ ਹੋਵੇ ਇਮਤਿਹਾਨ ਲੈਣੇ ਸ਼ੁਰੂ ਕਰ ਦੇਨ ਅਤੇ ਸਾਰੇ ਇਮਤਿਹਾਨ ਮਹੀਨਿਆਂ ਵਿਚ ਅਰਥਾਤ 30 ਜੂਨ ਤਕ ਖਤਮ ਕਰ ਦੇਣ। ਅਪਨੇ ਪਰਚੇ ਇਗਜ਼ਾਮੀਨਰ ਸੁਪ੍ਰੰਟੰਡੰਟਾਂ ਮਿਸਟਰ ਨਰਿੰਦਰ ਸਿੰਘ ਐਮ.ਏ. ਤੇ ਭਗਤ ਸਿੰਘ ਐਮ.ਏ. ਕੋਲ ਭੇਜ ਦੇਣ ਜੋ ਅਜ ਕਲ ਸਿਆਲਕੋਟ ਤੇ ਅੰਮ੍ਰਿਤਸਰ ਡਵੀਜ਼ਨਾਂ ਦੇ ਇਨਚਾਰਜ ਹਨ।

(4) ਇਹ ਅਫਸਰ ਦਸਣਗੇ ਕਿ ਮੁਲਾਜ਼ਮ ਪਾਸ ਹਨ ਕਿ ਨਹੀਂ ਤੇ ਜੋ ਫੇਲ ਹੋਣਗੇ, ਉਹਨਾਂ ਦੀ ਮੇਰੇ ਪਾਸ ਰੀਪੋਰਟ ਕਰਨਗੇ ਤਾਂ ਜੋ ਉਹਨਾਂ ਦਾ ਕੁਛ ਇੰਤਜ਼ਾਮ ਕੀਤਾ ਜਾਵੇ।

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੫੮, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੫੮}

ਵਡਹੰਸੁ ਮਹਲਾ ੩, ਚਉਪਦਾ ੧-੪

| ਮੂਲ | ਅਰਥ |
|---|---|
| ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥ ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥੧॥ ਜਪਿ ਮਨ ਮੇਰੇ ਤੂ ਏਕੋ ਨਾਮੁ॥ ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ॥੧॥ਰਹਾਉ॥ | ਮਨ ਦੇ ਮੈਲੇ ਰਹਿਣ ਨਾਲ ਸਭੋ ਕੁਛ ਮੈਲਾ ਰਹਿੰਦਾ ਹੈ, ਸਰੀਰ ਦੇ ਧੋਇਆਂ ਮਨ ਚੰਗਾ (ਭਾਵ ਨਿਰਮਲ) ਨਹੀਂ ਹੋ ਜਾਂਦਾ। (ਪਰ) ਇਹ ਜਗਤ (ਇਸ) ਭਰਮ ਵਿਚ ਭੁਲਾਯਾ ਗਿਆ ਹੈ (ਕਿ ਤੀਰਥਾਂ ਤੇ ਤਨ ਨੂੰ ਧੋਣ ਨਾਲ ਆਤਮ ਸ਼ੁੱਧੀ ਹੋ ਜਾਂਦੀ ਹੈ, ਇਹ ਨਿਸਚਾ ਗ਼ਲਤ ਹੈ, ਇਸ ਗੱਲ ਨੂੰ) ਕੋਈ ਵਿਰਲਾ ਸਮਝਦਾ ਹੈ॥੧॥ |
| ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ॥ ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ॥੨॥ | ਜੇ (ਕੋਈ) ਸਿੱਧਾਂ ਦੇ (ਸਾਰੇ) ਆਸਣ (ਲਾਉਣੇ) ਸਿੱਖ ਲਵੇ ਤੇ ਇੰਦ੍ਰੇ ਵੱਸ ਕਰਕੇ ਕਰਮ ਕਰੇ (ਤਦ ਬੀ) ਮਨ ਦੀ ਮੈਲ ਨਹੀਂ ਉਤਰੇਗੀ, (ਤੇ ਇਨ੍ਹਾਂ ਕਰਮਾਂ ਨਾਲ ਬੀ) ਹਉਮੈ ਦੂਰ ਨਹੀਂ ਹੁੰਦੀ। (ਹਉਮੈ ਦੇ ਦੂਰ ਹੋਏ ਬਿਨਾਂ ਅਹੰਤਾ ਮਮਤਾ ਰੂਪੀ ਮੈਲ ਦੂਰ ਨਹੀਂ ਹੁੰਦੀ)॥੨॥ |
| ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ॥ ਸਤਿਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ॥੩॥ | (ਪ੍ਰਸ਼ਨ:— ਕੋਈ ਹੋਰ ਉਪਾਉ ਮਨ ਨੂੰ ਸ਼ੁੱਧ ਕਰਨ ਦਾ ਹੈ ਭੀ? ਉੱਤਰ:— ) ਇਸ ਮਨ ਨੂੰ (ਸ਼ੁੱਧ ਕਰਨੇ ਦਾ) ਹੋਰ (ਕੋਈ) ਤਰੀਕਾ ਨਹੀਂ ਹੈ ਬਿਨਾਂ ਸਤਿਗੁਰੂ ਦੀ ਸ਼ਰਣ ਦੇ। (ਕਿਉਂਕਿ) ਸਤਿਗੁਰੂ ਨੂੰ ਮਿਲਿਆਂ (ਬ੍ਰਿਤੀ ਹੀ) ਉਲਟੀ ਹੋ ਗਈ (ਸਹੀ) ਹੁੰਦੀ ਹੈ, (ਜਿਸ ਦਾ ਪ੍ਰਕਾਰ) ਕੁਛ ਕਿਹਾ ਨਹੀਂ ਜਾ ਸਕਦਾ॥੩॥ |
| ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ॥ ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ॥੪॥੧॥ | ਨਾਨਕ ਆਖਦਾ ਹੈ (ਜੇ) ਕੋਈ ਸਤਿਗੁਰੂ ਨੂੰ ਮਿਲਕੇ (ਜੀਵਤ ਭਾਵ ਵਲੋਂ) ਮਰ ਜਾਵੇ (ਤੇ ਫੇਰ) ਗੁਰੂ ਦੇ ਸ਼ਬਦ ਦੁਆਰਾ (ਆਤਮ ਜੀਵਨ ਵਿਚ) ਜੀਉ ਪਵੇ, (ਉਸ ਦੀ) ਮਮਤਾ ਦੀ ਮੈਲ ਲਹਿ ਜਾਂਦੀ ਹੈ, (ਤਦ) ਇਹ ਮਨ ਚੰਗਾ (ਅਰਥਾਤ ਨਿਰਮਲ) ਹੋ ਜਾਂਦਾ ਹੈ॥੪॥੧॥ |

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਸਮਾਜਿਕ ਦੂਰੀ ਰੱਖਦਿਆਂ ਮਨਾਇਆ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼-ਪੁਰਬ




ਸ੍ਰੀ ਗੋਇੰਦਵਾਲ ਸਾਹਿਬ ਸਥਿਤ ਗੁਰਦੁਆਰਾ ਬਾਉਲੀ ਸਹਿਬ ਵਿਖੇ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼-ਪੁਰਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਸਮਾਜਿਕ ਦੂਰੀ ਦਾ ਖ਼ਿਆਲ ਰੱਖਦਿਆਂ ਸ਼ਰਧਾ ਭਾਵਨਾ ਸਹਿਤ ਮਨਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਕੰਪਲੈਕਸ 'ਚ ਨੀਲੇ ਅਤੇ ਪੀਲੇ ਰੰਗ ਦੀਆਂ ਝੰਡੀਆਂ ਲਗਾ ਕੇ ਸਜ਼ਾਵਟ ਕੀਤੀ ਗਈ ਅਤੇ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਸੁੰਦਰ ਦੀਪਮਾਲਾ ਕੀਤੀ ਗਈ। ਰਾਗੀ ਸਿੰਘਾਂ ਵੱਲੋਂ ਗੁਰੂ ਅਮਰਦਾਸ ਜੀ ਨੂੰ ਸਮਰਪਿਤ ਹੁੰਦਿਆਂ ਸ਼ਬਦ-ਗਾਇਨ ਕੀਤਾ ਗਿਆ। ਇਸ ਵੇਲੇ ਪ੍ਰਬੰਧਕਾਂ ਵੱਲੋਂ ਸਮੇਂ ਦੇ ਸਨਮੁਖ ਹੁੰਦਿਆਂ ਸੰਗਤਾਂ ਲਈ ਸੈਨੇਟਾਈਜ਼ਰ ਅਤੇ ਨੱਕ-ਮੂੰਹ ਢੱਕਣ ਲਈ ਮਾਸਕ ਦਿੱਤੇ ਗਏ।

## ਕਰੋਨਾ ਸੰਕਟ 'ਚ ਲੋੜਵੰਦਾਂ ਲਈ ਗੁਰਦੁਆਰਾ ਕਮੇਟੀਆਂ ਨੇ ਸੰਭਾਲਿਆ ਮੋਰਚਾ

ਅੱਜ ਜਦਕਿ ਅਸੀਂ ਮਹਾਂਮਾਰੀ ਕਰੋਨਾ ਕੋਵਿਡ-19 ਦੇ ਮਾਰੂ ਪ੍ਰਭਾਵ ਨਾਲ ਜੂਝ ਰਹੇ ਹਾਂ ਤਾਂ ਇਸ ਮੌਕੇ ਜਿੱਥੇ ਸਰਕਾਰਾਂ ਅਤੇ ਸਮਾਜ-ਸੇਵੀ ਸੰਸਥਾਵਾਂ ਲੋੜਵੰਦਾਂ ਦੀ ਹਰ ਤਰ੍ਹਾਂ ਦੀ ਮਦਦ 'ਚ ਲੱਗੀਆਂ ਹੋਈਆਂ ਹਨ, ਉਥੇ ਦੇਸ਼ਾਂ-ਵਿਦੇਸ਼ਾਂ 'ਚ ਇਤਿਹਾਸਕ ਅਤੇ ਲੋਕਲ ਗੁਰਦੁਆਰਿਆਂ ਕਮੇਟੀਆਂ ਨੇ ਵੀ ਇਸ ਪਾਵਨ ਕੰਮ ਲਈ ਲੱਕ ਬੰਨ੍ਹਿਆ ਹੋਇਆ ਹੈ। ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਅਤੇ ਅੰਮ੍ਰਿਤਸਰ 'ਚ ਗੁਰੂ ਰਾਮਦਾਸ ਲੰਗਰ 'ਚੋਂ ਹਰ ਰੋਜ਼ ਲੱਖਾਂ ਲੋੜਵੰਦਾਂ ਲਈ ਸਮਾਜਿਕ ਸੁਰੱਖਿਆ ਨਿਯਮਾਂ ਦਾ ਪਾਲਨ ਕਰਦਿਆਂ ਲੰਗਰ ਤਿਆਰ ਕਰਕੇ ਲੋੜਵੰਦਾਂ ਲਈ ਰੋਜ਼ ਵੰਡਿਆ ਜਾਂਦਾ ਹੈ। ਇਸ ਤੋਂ ਇਲਾਵਾ ਦੇਸ਼ਾਂ-ਵਿਦੇਸ਼ਾਂ ਦੇ ਹਜ਼ਾਰਾਂ ਇਤਿਹਾਸਕ ਅਤੇ ਲੋਕਲ ਗੁਰਦੁਆਰੇ ਕਿਤੇ ਪੈਕਟਾਂ ਦੇ ਰੂਪ 'ਚ, ਕਿਤੇ ਸੁੱਕੇ ਰਾਸ਼ਨ ਦੇ ਰੂਪ 'ਚ ਤੇ ਕਿਤੇ ਖੁੱਲੇ ਲੰਗਰ ਦੇ ਰੂਪ 'ਚ ਥਾਉਂ-ਥਾਈਂ ਲੰਗਰ ਵੰਡ ਰਹੇ ਹਨ ਤਾਂ ਜੋ ਇਸ ਸੰਕਟ ਦੇ ਸਮੇਂ ਮਨੁੱਖਤਾ ਦੀ ਪਹਿਲੀ ਲੋੜ ਭੁੱਖ ਨਾਲ ਨਜਿੱਠਿਆ ਜਾ ਸਕੇ। ਗੁਰੂ ਨਾਨਕ ਦੇ ਵੰਡ ਛਕੋ ਦੇ ਸਿਧਾਂਤ ਤੇ ਅਮਲ ਕਰਕੇ ਗੁਰਦੁਆਰਾ ਸੰਸਥਾਨਾਂ ਨੇ ਲੰਗਰ ਤੋਂ ਇਲਾਵਾ ਆਪਣੀਆਂ ਸਰਾਵਾਂ ਅਤੇ ਅਕਾਦਮਿਕ ਸੰਸਥਾਵਾਂ ਨੂੰ ਮਨੁੱਖਤਾ ਦੀ ਸੇਵਾ ਕਰਦੇ ਸਟਾਫ਼-ਡਾਕਟਰ ਅਤੇ ਨਰਸਾਂ ਅਤੇ ਪੀੜਤ ਲੋਕਾਂ ਦੀ ਸੇਵਾ ਲਈ ਖੋਹਲ ਦਿੱਤਾ ਹੈ। ਅਮਰੀਕਾ ਸਮੇਤ ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਅਤੇ ਕੁਝ ਮੀਡੀਆ ਚੈਨਲਾਂ ਨੇ ਵੀ ਸਿੱਖ ਭਾਈਚਾਰੇ ਵੱਲੋਂ ਇਸ ਅਉਖੀ ਘੜੀ 'ਚ ਮਨੁੱਖਤਾ ਪ੍ਰਤੀ ਨਿਭਾਈ ਜਾ ਰਹੀ ਸੇਵਾ ਦੀ ਸ਼ਲਾਘਾ ਹੋ ਰਹੀ ਹੈ।

## ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਦਾ ਡਿਜੀਟਲ ਰੂਪ ਹੋਵੇਗਾ ਤਿਆਰ

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਅਤੇ ਡਿਜੀਟਲ ਰੂਪ ਤਿਆਰ ਕਰਨ ਲਈ ਸ਼੍ਰੋਮਣੀ ਕਮੇਟੀ ਵਿਸ਼ਵ ਭਰ ਦੇ ਸਿੱਖ ਵਿਦਵਾਨਾਂ ਅਤੇ ਜਾਣਕਾਰਾਂ ਦਾ ਸਹਿਯੋਗ ਲਵੇਗੀ। ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਲਿਖੇ ਆਪਣੇ ਇਕ ਪੱਤਰ ਵਿਚ ਵਰਲਡ ਸਿੱਖ ਨਿਊਜ਼ ਦੇ ਸਾਬਕਾ ਪ੍ਰਧਾਨ ਡਾ. ਗੁਰਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਅਜੋਕੇ ਸਮੇਂ ਗੁਰੂ ਗ੍ਰੰਥ ਸਾਹਿਬ ਦੇ ਡਿਜੀਟਲ ਰੂਪ ਦੀ ਬੜੀ ਲੋੜ ਹੈ। ਉਨ੍ਹਾਂ ਆਖਿਆ ਇਸ ਸੰਬੰਧੀ ਜੋ ਐਪ ਇੰਟਰਨੈੱਟ ਤੇ ਉਪਲਬਧ ਹਨ ਉਹਨਾਂ ਵਿਚ ਦਰਜ ਗੁਰਬਾਣੀ 'ਚ ਕਈ ਗ਼ਲਤੀਆਂ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਧਿਆਨ ਵਿਚ ਇਹ ਮਾਮਲਾ ਲਿਆਂਦਿਆਂ ਆਖਿਆ ਕਿ ਸ਼੍ਰੋਮਣੀ ਕਮੇਟੀ ਕੋਲ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪ੍ਰਕਾਸ਼ਿਤ ਕਰਨ ਅਤੇ ਸ਼ਰਧਾਲੂਆਂ ਨੂੰ ਦੇਣ ਦੇ ਸਮੁੱਚੇ ਹੱਕ ਪ੍ਰਾਪਤ ਹਨ। ਪਰ ਉਹਨਾਂ ਕੋਲ ਅਜਿਹੀ ਕੋਈ ਵੈਬਸਾਈਟ ਨਹੀਂ ਹੈ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਗ਼ਲਤੀਆਂ ਰਹਿਤ ਗੁਰਬਾਣੀ ਦਾ ਡਿਜੀਟਲ ਸਰੂਪ ਦਾ ਐਪ ਜਾਰੀ ਕਰੇ ਤਾਂ ਜੋ ਇੰਟਰਨੈੱਟ ਤੇ ਗੁਰਬਾਣੀ ਪੜ੍ਹਨ ਅਤੇ ਅਧਿਐਨ 'ਚ ਆ ਰਹੀਆਂ ਮੁਸ਼ਕਲਾਂ ਦੂਰ ਹੋਣ। ਇਸ ਸੰਬੰਧੀ ਕਮੇਟੀ ਵੱਲੋਂ ਹਾਂ-ਪੱਖੀ ਹੁੰਗਾਰਾ ਭਰਿਆ ਗਿਆ ਹੈ।